ਪ੍ਰਕਾਸ਼ਨ ਨੰ: 9

ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਲੇਖਕ ਸ. ਮਹਿੰਦਰ ਸਿੰਘ 'ਜੋਸ਼'

10 ਰੁਪਏ

ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ਨ ਨੰ:
੧

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਲੇਖਕ
ਸ. ਮਹਿੰਦਰ ਸਿੰਘ 'ਜੋਸ਼'

ਪ੍ਰਕਾਸ਼ਕ
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ।

C ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ

© ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਪ੍ਰਕਾਸ਼ਕ

**ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ**

*ਕੰਪਿਊਟਰ ਟਾਈਪਸੈਟਿੰਗ :* **ਐਡਵਾਂਸਡ ਕੰਪਿਊਟਰਜ਼**, ਜਲੰਧਰ। ਫ਼ੋਨ: 2214308

*ਛਾਪਕ :* **ਬਰਾਈਟ ਪ੍ਰਿੰਟਰਜ਼**, ਜਲੰਧਰ। ਫ਼ੋਨ: 2292202

Sri Satguru Jagjit Singh Ji eLibrary NamdhariElibrary@gmail.com

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ

ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਪ੍ਰੋਫੈਸਰ ਹਬੀਬ ਨੇ ਗੌਰਵ-ਭਰੇ ਸਿੱਖ ਇਤਿਹਾਸ ਦੀ ਚਮਕ ਨੂੰ ਦੇਖ ਕੇ ਇਕੇਰਾਂ ਇਕ ਮਹਾਨ ਸਚਾਈ ਨੂੰ ਪਰਗਟ ਕੀਤਾ ਸੀ, ਕਿ ਸਿੱਖਾਂ ਨੇ ਇਤਿਹਾਸ ਬਣਾਇਆ ਅਵੱਸ਼ ਹੈ, ਪਰ ਲਿਖਿਆ ਨਹੀਂ।ਹਬੀਬ ਸਾਹਿਬ ਦੇ ਇਸ ਇਕੋ ਵਾਕ ਵਿਚੋਂ ਦੋ ਵੱਡੀਆਂ ਹਕੀਕਤਾਂ ਪਰਗਟ ਹੁੰਦੀਆਂ ਹਨ··· ਪਹਿਲੀ ਸਿੱਖ ਇਤਿਹਾਸ ਦੀ ਗੌਰਵਤਾ ਬਾਰੇ ਤੇ ਦੂਜੀ ਸਿੱਖਾਂ ਵੱਲੋਂ ਆਪਣੇ ਚਮਕਦੇ ਇਤਿਹਾਸ ਨੂੰ ਆਪ ਲਿਖਣ ਅਤੇ ਪਰਚਾਰਨ ਸਬੰਧੀ ਘੋਰ ਅਣਗਹਿਲੀ ਬਾਰੇ।

ਸਚਾਈ ਅਰ ਧਰਮ ਦਾ ਪੱਖ ਪੂਰਨ ਲਈ ਇਸ ਮੱਤ ਦੇ ਪੈਰੋਕਾਰਾਂ ਨੇ ਜੋ ਦ੍ਰਿੜਤਾ ਅਤੇ ਅਡੋਲਤਾ ਇਤਿਹਾਸ ਰਾਹੀਂ ਦਿਖਾਈ ਹੈ, ਉਹ ਨਿਸ਼ਚੇ ਤੌਰ ਤੇ ਬੇਮਿਸਾਲ ਜਾਂ ਲਾਸਾਨੀ ਹੈ।ਦੇਗਾਂ ਦਾ ਉਬਾਲ, ਤੱਤੀ ਰੇਤ ਦਾ ਸੇਕ, ਆਰੇ ਦੇ ਤੀਖਣ ਦੰਦੇ, ਰੰਬੀ ਦੀ ਤੇਜ਼ੀ, ਸਰਹੰਦ ਦੀਆਂ ਨੀਹਾਂ, ਚਰਖੜੀ ਦਾ ਭਿਆਨਕ ਦੁੱਖ, ਗਰਮ ਜੰਬੂਰਾਂ ਦੁਆਰਾ ਸਰੀਰ ਵਿਚੋਂ ਮਾਸ ਦਾ ਤੋੜਨਾ, ਟੋਕੇ ਦੁਆਰਾ ਸਰੀਰ ਦੇ ਬੰਦ ਬੰਦ ਦਾ ਜੁਦਾ ਕੀਤੇ ਜਾਣਾ ਸਿੱਖ ਮਤ ਦੇ ਧਾਰਨੀਆਂ ਵੱਲੋਂ ਦਿਖਾਈ ਹੋਈ ਸਚਾਈ, ਧਰਮ ਅਤੇ ਸਿੱਖੀ ਪ੍ਰਤੀ ਦ੍ਰਿੜਤਾ ਵਿਚ ਮਾਮੂਲੀ ਘਾਟਾ ਵੀ ਨਹੀਂ ਲਿਆ ਸਕੇ।ਸੰਸਾਰ ਦੇ ਦੂਜੇ ਮਤ ਅਵਲੰਬੀਆਂ ਨੇ ਆਪਣੇ ਇਕ ਇਕ ਸ਼ਹੀਦ ਦਾ ਓਟ ਆਸਰਾ ਲੈ ਕੇ ਚਹੁੰ ਕੂੰਟਾਂ ਵਿੱਚ ਆਪਣੇ ਕਮਜ਼ੋਰ ਜਿਹੇ ਫ਼ਲਸਫ਼ਿਆਂ ਵਾਲੇ ਮਤਾਂ ਦਾ ਭਰਪੂਰ ਪਰਚਾਰ ਕਰ ਲਿਆ, ਪਰ ਅਫ਼ਸੋਸ, ਮਹਾਨ ਸ਼ਹੀਦੀਆਂ ਨਾਲ ਭਰੇ ਬੇਮਿਸਾਲ ਇਤਿਹਾਸ ਦੇ ਹੋਣ ਦੇ ਬਾਵਜੂਦ ਅਸੀਂ ਹੋਰ ਕੌਮਾਂ ਅਤੇ ਜਾਤੀਆਂ ਵਿਚ ਗੁਰੂ ਨਾਨਕ ਪਾਤਸ਼ਾਹ ਦਾ ਮਤ ਤਾਂ ਕੀ ਪਰਚਾਰਨਾ ਸੀ, ਅਸੀਂ ਭਾਰਤ ਖੰਡ ਦੇ ਦੇਸ਼ਾਂ ਵਿਚ ਭੀ ਗੁਰੂ ਨਾਨਕ ਪਾਤਸ਼ਾਹ ਦੇ ਮਤ ਦੇ ਮਹਾਨ ਆਲਮਗੀਰੀ ਸਿਧਾਂਤਾਂ ਨੂੰ ਨਹੀਂ ਪਹੁੰਚਾ ਸਕੇ।

ਕੁਝ ਮਜਬੂਰੀਆਂ ਕਾਰਨ ਅਸੀਂ ਸ਼ੁਰੂ ਤੋਂ ਹੀ ਆਪਣਾ ਇਤਿਹਾਸ ਆਪ ਲਿਖਣ ਵੱਲੋਂ ਅਣਗਹਿਲੀ ਕਰਦੇ ਰਹੇ ਹਾਂ, ਜਿਸ ਕਾਰਨ ਸਾਡੇ ਮਤ ਦੇ ਮਹਾਨ ਸਿਧਾਂਤ ਅਰ ਪਰਉਪਕਾਰ ਅਤੇ ਕੁਰਬਾਨੀਆਂ ਭਰੇ ਜੀਵਨ ਲੋਕਾਂ ਤਕ ਨਾ ਪੁੱਜ ਸਕੇ।ਅਨਮਤਾਂ ਵਾਲਿਆਂ ਨੇ ਕਿਤੇ ਕਿਤੇ ਸਾਡੇ ਇਤਿਹਾਸ ਲਿਖੇ ਜਾਂ ਸਾਡੇ ਬਾਰੇ ਕੁਝ ਗੱਲਾਂ ਆਪਣੀਆਂ ਲਿਖਤਾਂ ਵਿਚ ਅੰਕਤ ਕੀਤੀਆਂ।ਸਮਕਾਲੀ ਮੁਸਲਮਾਨ ਲਿਖਾਰੀਆਂ ਨੇ ਸਾਡੇ ਬਾਰੇ ਜੋ ਕੁਝ ਲਿਖਿਆ ਹੈ, ਉਸ ਵਿਚੋਂ ਹੰਸ-ਚੋਗ ਬਿਰਤੀ ਅਤੇ



Sri Satguru Jagjit Singh Ji eLibrary NamdhariElibrary@gmail.com

ਕਾਬਲੀਅਤ ਬਿਨਾਂ, ਸਚਾਈ ਤੇ ਹਕੀਕਤ ਨੂੰ ਨਿਤਾਰ ਕੇ ਬਾਹਰ ਕੱਢਣਾ ਹਰ ਐਰੇ-ਗੈਰੇ ਦੇ ਵੱਸ ਦੀ ਬਾਤ ਨਹੀਂ।ਇਹਨਾਂ ਸਮਕਾਲੀ ਮੁਸਲਮਾਨ ਲਿਖਾਰੀਆਂ ਵਿਚੋਂ ਬਹੁ ਗਿਣਤੀ ਮੁਤੱਅਸਬੀ, ਜਨੂੰਨੀ ਤੇ ਪੱਖਪਾਤੀ ਬੰਦਿਆਂ ਦੀ ਹੈ।ਉਹਨਾਂ ਦੀਆਂ ਲਿਖਤਾਂ ਵਿਚੋਂ ਮੁਤੱਅਸਬ ਤੇ ਪੱਖਪਾਤ ਨੂੰ ਛਾਣ ਕੇ ਅੱਡ ਕਰਨ ਲਈ ਵਿਵੇਕ ਬੁੱਧੀ ਅਤੇ ਲਗਨ ਭਰੀ ਖੋਜ ਦੀ ਭਾਰੀ ਜ਼ਰੂਰਤ ਹੈ।ਹਿੰਦੂ ਲਿਖਾਰੀ ਭੀ ਆਮ ਹਾਲਤਾਂ ਵਿਚ ਆਪਣਾ ਜੁਆਬ ਆਪ ਰਹੇ ਹਨ।ਸਮਕਾਲੀ ਹਿੰਦੂ ਲਿਖਾਰੀ ਹੀ ਨਹੀਂ, ਮੌਜੂਦਾ ਦੌਰ ਤਕ ਦੇ ਹਿੰਦੂ ਲਿਖਾਰੀਆਂ ਵਿਚ ਕੁਝ ਖ਼ਾਸ ਖ਼ੂਬੀਆਂ ਪਾਈਆਂ ਜਾਂਦੀਆਂ ਹਨ।ਪਰਗਟ ਤੌਰ ਤੇ ਬਹੁਤ ਵਾਰੀ ਇਹ ਪਰਤੀਤ ਹੁੰਦਾ ਹੈ ਕਿ ਇਹ ਨਾ ਤਾਂ ਮੁਤਅੱਸਬੀ ਹਨ ਅਤੇ ਨਾ ਹੀ ਸਿੱਖੀ ਦੇ ਵਿਰੋਧੀ।ਕਈ ਵਾਰੀ ਸਿੱਖੀ ਦੀ ਭਰਪੂਰ ਸ਼ਲਾਘਾ ਵੀ ਕਰਦੇ ਪਰਤੀਤ ਹੁੰਦੇ ਹਨ।ਕੁਝ ਅਪਵਾਦ ਸਰੂਪ (Exceptional) ਲਿਖਾਰੀਆਂ ਨੂੰ ਛੱਡਕੇ ਇਹ ਵਿਚ ਵਿਚ ਆਪਣਾ ਦਾਅ ਮਾਰ ਰਹੇ ਹੁੰਦੇ ਹਨ।ਅੰਦਰਖਾਤੇ ਇਹਨਾਂ ਦਾ ਪੂਰਾ ਜ਼ੋਰ ਇਸ ਗੱਲ ਪੁਰ ਹੀ ਲੱਗਾ ਹੁੰਦਾ ਹੈ ਕਿ ਸਿੱਖ ਮਤ ਨੂੰ ਹਿੰਦੂ ਮਤ ਦੀ ਇਕ ਸ਼ਾਖ ਹੀ ਦੱਸਿਆ ਜਾਵੇ ਅਤੇ ਸਿੱਖ ਸਤਿਗੁਰੂ ਸਾਹਿਬਾਨ ਅਤੇ ਸਿੱਖ ਬਜ਼ੁਰਗਾਂ ਨੂੰ ਹਿੰਦੂ ਰੂਪ ਵਿਚ ਪੇਸ਼ ਕੀਤਾ ਜਾਵੇ।ਇਹ ਮੂਲੋਂ ਹੀ ਸਿੱਖ ਮਤ ਦੀ ਸੁਤੰਤਰ ਤੇ ਆਜ਼ਾਦ ਹੋਂਦ ਦੇ ਵਿਰੋਧੀ ਰਹੇ ਹਨ, ਪਰ ਜ਼ਾਹਿਰਾ ਤੌਰ ਤੇ ਦੁਸ਼ਮਣ ਰੂਪ ਵਿਚ ਨਹੀਂ, ਸਿੱਖੀ ਦੇ ਸ਼ਰਧਾਲੂ ਅਤੇ ਪ੍ਰਸ਼ੰਸਕ ਦੀ ਸ਼ਕਲ ਧਾਰ ਕੇ ਮਿੱਠੀ ਛੁਰੀ ਚਲਾਉਂਦੇ ਰਹੇ ਹਨ।

ਇਸ ਪਿਛੋਂ ਪੱਛਮੀ ਲਿਖਾਰੀਆਂ ਦੀ ਗੱਲ ਆਉਂਦੀ ਹੈ।ਵਿਸਥਾਰ ਵਿਚ ਨਾ ਜਾਂਦਿਆਂ ਹੋਇਆਂ ਇਹ ਦੱਸਣਾ ਬੜਾ ਜ਼ਰੂਰੀ ਹੈ, ਕਿ ਇਹਨਾਂ ਦੀਆਂ ਲਿਖਤਾਂ ਨੂੰ ਵੀ ਅੱਖਾਂ ਮੀਟ ਕੇ ਪ੍ਰਮਾਣੀਕ ਜਾਂ ਬਿਲਕੁਲ ਸਹੀ ਨਹੀਂ ਮੰਨਿਆ ਜਾ ਸਕਦਾ।ਇਸ ਵਿਚ ਭਾਂਤ-ਸੁਭਾਂਤੇ ਲਿਖਾਰੀ ਹਨ।ਕੁਝ ਕੁ ਨੇ ਇਧਰੋਂ ਉਧਰੋਂ ਸੁਣ-ਸੁਣਾ ਕੇ ਪੜਚੋਲ ਪੜਤਾਲ ਤੋਂ ਬਿਨਾਂ ਤੇ ਹਕੀਕਤਾਂ ਦੀ ਤਹਿ ਤਕ ਪੁੱਜੇ ਬਿਨਾਂ ਹੀ ਆਪਣੀਆਂ ਰਚਨਾਵਾਂ ਪ੍ਰਕਾਸ਼ਤ ਕਰਵਾ ਦਿਤੀਆਂ ਹਨ।ਸੁਣੀਆਂ ਸੁਣਾਈਆਂ ਜਾਂ ਮੂੰਹ ਚੜ੍ਹੀਆਂ ਗੱਲਾਂ ਕਈ ਵਾਰੀ ਗ਼ਲਤ ਹੀ ਹੁੰਦੀਆਂ ਹਨ।ਕਈਆਂ ਨੇ ਸਮਕਾਲੀ ਸਿੱਖਾਂ ਦੀ ਰਾਜਸੀ ਤਾਕਤ ਨੂੰ ਆਪਣੀ ਪੱਛਮੀ ਕੌਮ ਦੀ ਗਲਬਾ-ਨੀਤੀ ਦੇ ਖ਼ਿਲਾਫ ਮਹਿਸੂਸ ਕਰਦਿਆਂ ਹੋਇਆਂ ਪੱਖਪਾਤੀ ਰਵੱਈਏ ਅਧੀਨ ਹੀ ਆਪਣੀਆਂ ਲਿਖਤਾਂ ਲਿਖੀਆਂ ਹਨ।ਇਥੇ ਉਹਨਾਂ ਦੇ ਆਉਣ ਤੋਂ ਪਹਿਲੇ ਹੀ ਹਿੰਦੂਆਂ ਅਤੇ ਮੁਸਲਮਾਨਾਂ ਵੱਲੋਂ ਜਾਣੇ ਜਾਂ ਅਨਜਾਣੇ ਵਿਚ ਵੱਡੀ ਪੱਧਰ ਤੇ ਜੋ ਮਨਘੜਤ ਵਾਕਿਆਤ, ਹਕੀਕਤਾਂ ਅਤੇ ਖ਼ਿਆਲਾਤ ਪ੍ਰਚਲਤ ਕੀਤੇ ਗਏ ਸਨ, ਉਹਨਾਂ ਸਭ ਦਾ ਭਰਪੂਰ ਅਸਰ ਇਹਨਾਂ



Sri Satguru Jagjit Singh Ji eLibrary NamdhariElibrary@gmail.com

ਦੀਆਂ ਲਿਖਤਾਂ ਉਤੇ ਪੈਣਾ ਸੁਭਾਵਕ ਤੇ ਲਾਜ਼ਮੀ ਸੀ।

ਸਿੱਖ ਲਿਖਾਰੀਆਂ ਦਾ ਤਾਂ ਇਹਨਾਂ ਤੋਂ ਵੀ ਭੈੜਾ ਹਾਲ ਹੈ।ਇਹਨਾਂ ਵਿਚੋਂ ਕੁਝ ਲਿਖਾਰੀ ਅਜਿਹੇ ਹਨ, ਜਿਨ੍ਹਾਂ ਪਾਸ ਵਿਦਵਤਾ ਤੇ ਖੋਜ ਆਦਿਕ ਨਾਂ ਦੇ ਬਰਾਬਰ ਹੈ।ਸ਼ਰਧਾ ਬਹੁਤ ਹੈ।ਸ਼ਰਧਾ ਆਮ ਹਾਲਤ ਵਿਚ ਅੰਨ੍ਹੀ ਹੁੰਦੀ ਹੈ।ਧਰਮ ਲਈ ਸ਼ਰਧਾ ਇਕ ਬਹੁਤ ਚੰਗਾ ਤੇ ਜ਼ਰੂਰੀ ਤੱਤ ਹੈ, ਬਸ਼ਰਤੇ ਕਿ ਸ਼ਰਧਾਵਾਨ ਪਾਸ ਬਿਬੇਕ-ਬੁੱਧੀ ਦੀ ਅੱਖ ਹੋਵੇ।ਕੇਵਲ ਸ਼ਰਧਾ ਬਹੁਤੇ ਮੌਕਿਆਂ ਤੇ ਸ਼ਰਧਾਲੂਆਂ ਨੂੰ ਅੰਨ੍ਹੇ ਖੂਹ ਵਿਚ ਸੁੱਟ ਦਿੰਦੀ ਹੈ।ਸ਼ਰਧਾ ਵੱਸ ਅਜਿਹੇ ਲਿਖਾਰੀਆਂ ਨੇ ਆਪਣੇ ਵੱਲੋਂ ਉਸਤਤ ਰੂਪ ਵਿਚ ਕੁਝ ਗੱਲਾਂ ਤੇ ਮਨਘੜਤ ਵਾਕਿਆਤ ਆਪਣੀਆਂ ਲਿਖਤਾਂ ਵਿਚ ਲਿਖ ਦਿਤੇ ਹਨ, ਜਿਨ੍ਹਾਂ ਦੀ ਪੜਤਾਲ ਮਗਰੋਂ ਪ੍ਰਤੀਤ ਹੁੰਦਾ ਹੈ ਕਿ ਇਸ ਨਾਲ ਗੁਰੂ ਸਾਹਿਬਾਨ ਦੀ ਮਹਾਨ ਉੱਚੀ ਸ਼ਖਸੀਅਤ ਉਤੇ ਬੇ-ਬੁਨਿਆਦ ਕਿਸਮ ਦੇ ਧੱਬੇ ਜਿਹੇ ਆ ਜਾਂਦੇ ਹਨ।ਨਾ ਤਾਂ ਅਜਿਹੀਆਂ ਗੱਲਾਂ ਗੁਰਬਾਣੀ ਸਿਧਾਂਤਾਂ ਦੇ ਅਨੁਕੂਲ ਹਨ ਤੇ ਨਾ ਹੀ ਇਤਿਹਾਸਕ ਖੋਜ ਦੀ ਕਸਵੱਟੀ ਪੁਰ ਹੀ ਪੂਰੀਆਂ ਉਤਰਦੀਆਂ ਹਨ।ਸਿੱਖੀ ਦੀ ਸੰਪੂਰਨ ਜਾਣਕਾਰੀ ਦੀ ਅਣਹੋਂਦ ਕਾਰਨ ਇਹਨਾਂ ਦੀਆਂ ਲਿਖਤਾਂ ਵਿੱਚ ਬ੍ਰਾਹਮਣੀ ਮਤ ਦੇ ਪ੍ਰਚਾਰ ਦੀ ਰੁਚੀ ਵੀ ਅਨਜਾਣੇ ਵਿਚ ਆ ਗਈ ਹੈ।

ਸੋ ਜਦ ਤਕ ਕੌਮ ਦੀ ਕਿਸੇ ਕੇਂਦਰੀ ਤੇ ਸਰਬ-ਪ੍ਰਵਾਣਤ ਸੰਸਥਾ ਵੱਲੋਂ ਕੋਈ ਪ੍ਰਮਾਣੀਕ ਇਤਿਹਾਸ ਨਹੀਂ ਛਪ ਜਾਂਦਾ, ਤਦ ਤਕ ਅੱਡ ਅੱਡ ਇਤਿਹਾਸਾਂ ਵਿਚ ਬਿਆਨੇ ਗਏ ਵਾਕਿਆਤ ਵਾਚਣ ਲਈ ਬੜੀ ਵਿਵੇਕ-ਵਿਤਰੇਕ ਬੁੱਧੀ ਅਤੇ ਪਾਰਖੂ ਰੁਚੀ ਦੀ ਬਹੁਤ ਲੋੜ ਹੈ।

ਸਾਹਿਬ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਕਿਤਨੇ ਭਿਆਨਕ ਤੇ ਦਿਲ-ਕੰਬਾਊ ਤਸੀਹਿਆਂ ਦੁਆਰਾ ਹੋਈ ਅਤੇ ਸਾਹਿਬ ਸਤਿਗੁਰੂ ਅਰਜਨ ਦੇਵ ਜੀ ਨੇ ਕਿਤਨੀ ਦ੍ਰਿੜ੍ਹਤਾ ਤੇ ਸੂਰਮਗਤੀ ਦਾ ਸਬੂਤ ਦਿਤਾ, ਸਾਡੇ ਇਤਿਹਾਸ ਦਾ ਹੀ ਨਹੀਂ, ਸੰਸਾਰ ਭਰ ਦੇ ਇਤਿਹਾਸ ਦਾ ਬੇਮਿਸਾਲ ਅਤੇ ਲਾਸਾਨੀ ਵਾਕਿਆ ਹੈ।ਭੁੱਖਾ ਪਿਆਸਾ ਰੱਖ ਕੇ, ਦੇਗ ਵਿਚ ਉਬਾਲ ਕੇ, ਬਲਦੀ ਤਵੀ ਉਪਰ ਬਿਠਾ ਕੇ, ਅੱਗ ਵਾਂਗ ਬਲਦੀ ਰੇਤ ਸਰੀਰ ਉਤੇ ਪਾ ਕੇ, ਤੇ ਫਿਰ ਰਾਵੀ ਦੇ ਠੰਢੇ ਪਾਣੀ ਵਿਚ ਛਾਲਿਆਂ ਨਾਲ ਫਿਸੇ ਸਰੀਰ ਨੂੰ ਡੁਬੋ ਕੇ ਚਾਰ ਪੰਜ ਦਿਨਾਂ ਦੇ ਲੰਬੇ ਅਰਸੇ ਤਕ ਜੋ ਦਰਦਨਾਕ ਤੇ ਖ਼ੌਫ਼ਨਾਕ ਤਸੀਹੇ ਦਿਤੇ ਗਏ, ਉਹ ਨਿਸਚੇ ਤੌਰ ਤੇ ਦਿਲ-ਕੰਬਾਊ ਹਨ ਅਤੇ ਸਤਿਗੁਰੂ ਪਾਤਸ਼ਾਹ ਵੱਲੋਂ ਦਿਖਾਈ ਅਡੋਲਤਾ ਅਤੇ ਦ੍ਰਿੜ੍ਹਤਾ ਵੀ ਹੈਰਾਨ ਕਰਨ ਵਾਲੀ ਹੈ।ਤਸੀਹਿਆਂ ਦੀ ਤੀਖਣਤਾ ਅਤੇ ਸਤਿਗੁਰਾਂ ਦੀ ਉਚ ਪਾਏ ਦੀ ਦ੍ਰਿੜ੍ਹਤਾ ਅਤੇ ਅਡੋਲਤਾ ਉਤੇ ਤਾਂ ਸਭ ਇਤਿਹਾਸਕਾਰ ਇਕੋ ਰਾਏ ਰਖਦੇ ਹਨ, ਪਰ ਪੂਰੀ ਖੋਜ ਦੀ



Sri Satguru Jagjit Singh Ji eLibrary NamdhariElibrary@gmail.com

ਘਾਟ ਕਰ ਕੇ ਸ਼ਹਾਦਤ ਦੇ ਕਾਰਨ ਜਾਂ ਕਾਰਨਾਂ ਬਾਰੇ ਅਤੇ ਬੀਤੇ ਹਾਲਾਤ ਦੇ ਵੇਰਵਿਆਂ ਬਾਰੇ ਅੱਡ ਅੱਡ ਲਿਖਾਰੀਆਂ ਨੇ ਬੜੇ ਅੱਡਰੇ ਅੱਡਰੇ ਕਿਸਮ ਦੇ ਖਿਆਲਾਤ ਪੇਸ਼ ਕੀਤੇ ਹਨ।ਕਿਤੇ ਤਾਂ ਜਾਣਕਾਰੀ ਦੀ ਘਾਟ ਹੈ, ਕਿਤੇ ਲਿਖਾਰੀ ਦੀ ਨਿਜੀ ਰੁਚੀ ਅਤੇ ਮੁਤੱਅਸਬ ਕੰਮ ਕਰ ਰਿਹਾ ਹੈ, ਕਿਤੇ ਜਾਣ ਬੁਝ ਕੇ ਵਾਕਿਆਤ ਨੂੰ ਤੋੜਿਆ-ਮਰੋੜਿਆ ਗਿਆ ਹੈ ਤੇ ਕਿਤੇ ਮੱਖੀ ਉਤੇ ਮੱਖੀ ਮਾਰੀ ਗਈ ਹੈ।ਕੁਝ ਘਟਨਾਵਾਂ ਮਨਘੜਤ ਹਨ ਤੇ ਕੁਝ ਐਸੀਆਂ ਹਨ, ਜੋ ਵਾਪਰੀਆਂ ਤਾਂ ਅਵੱਸ਼ ਹਨ, ਪਰ ਇਹਨਾਂ ਦਾ ਸ਼ਹਾਦਤ ਦੇ ਨਾਲ ਸਬੰਧ ਉਸ ਕਿਸਮ ਦਾ ਨਹੀਂ, ਜੈਸਾ ਦੱਸਿਆ ਗਿਆ ਹੈ।

ਅੱਡ ਅੱਡ ਲਿਖਾਰੀਆਂ ਨੇ ਕਿਥੇ ਕਿਥੇ ਤੇ ਕਿਉਂ ਉਕਾਈ ਖਾਧੀ ਹੈ, ਜੇ ਇਸ ਵਿਸ਼ੇ ਤੇ ਪੂਰੀ ਘੋਖ ਕੀਤੀ ਜਾਏ, ਤਾਂ ਲੇਖ ਬਹੁਤ ਲੰਬਾ ਹੋ ਜਾਂਦਾ ਹੈ।ਅਸੀਂ ਇਸ ਲੇਖ ਵਿਚ ਸ਼ਹਾਦਤ ਦੇ ਅਸਲ ਤੱਤ ਕਾਰਨ ਦਾ ਵਿਸ਼ਲੇਸ਼ਣ ਕਰ ਕੇ ਕੁਝ ਤਤ-ਕਾਲੀ ਵਾਕਿਆਤ ਨੂੰ ਬਿਆਨਣ ਦਾ ਭੀ ਜਤਨ ਕਰ ਰਹੇ ਹਾਂ ਤਾਂ ਕਿ ਇਕ ਤਾਂ ਸ਼ਹਾਦਤ ਦਾ ਅਸਲ ਕਾਰਨ ਸਾਡੀਆਂ ਅੱਖਾਂ ਅੱਗੋਂ ਉਹਲੇ ਨਾ ਹੋਵੇ ਤੇ ਦੂਜੇ ਜਿਸ ਜਿਸ ਵਿਅਕਤੀ, ਫਿਰਕੇ, ਜਾਤ ਜਾਂ ਜਥੇਬੰਦੀ ਨੇ ਸ਼ਹਾਦਤ ਦੀ ਮਹਾਨ ਘਟਨਾ ਵਿਚ ਸਿੱਧਾ ਜਾਂ ਅਸਿੱਧਾ ਕੋਈ ਦਖਲ ਦਿਤਾ ਜਾਂ ਹਿੱਸਾ ਲਿਆ, ਉਸ ਦਾ ਭੀ ਸਾਨੂੰ ਸਹੀ ਢੰਗ ਨਾਲ ਪੂਰਨ ਗਿਆਨ ਹੋ ਜਾਵੇ।

ਸਾਹਿਬ ਸਤਿਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਦਾ ਮੂਲ ਕਾਰਨ ਹਾਕਮ ਕੌਮ ਦੇ ਉਹ ਮੁਤੱਅਸਬੀ ਤੇ ਜਨੂੰਨੀ ਮੁਸਲਮਾਨ ਸਨ, ਜਿਹਨਾਂ ਨੂੰ ਸ਼ੇਖ ਅਹਿਮਦ ਸਰਹੰਦੀ, ਮੁਜ਼ੱਦਦ ਆਲਿਫ-ਥਾਨੀ (1561-1624) ਲੀਡ ਦੇ ਰਿਹਾ ਸੀ।ਇਹ ਵਿਅਕਤੀ ਤੇ ਇਸ ਦੀ ਨਕਸ਼ਬੰਦੀ ਲਹਿਰ ਕਿਤਨੀ ਪ੍ਰਭਾਵਸ਼ਾਲੀ ਸੀ ਤੇ ਇਸ ਮੁਜ਼ੱਦਦ ਅਤੇ ਇਸ ਦੇ ਪ੍ਰਚਾਰ ਨੇ ਸ਼ਹਾਦਤ ਵਿਚ ਕੀ ਰੋਲ ਅਦਾ ਕੀਤਾ, ਦਾ ਵਿਸਥਾਰ ਦੇਣ ਦੇ ਨਾਲ ਨਾਲ ਇਹ ਅੰਕਤ ਕੀਤਾ ਜਾਵੇਗਾ ਕਿ ਜਹਾਂਗੀਰ ਦਾ ਅਸਲ ਰੋਲ ਕੀ ਸੀ, ਕਿਉਂਕਿ 'ਤੁਜ਼ਕਿ ਜਹਾਂਗੀਰੀ' ਦੇ ਹਵਾਲੇ ਭੀ ਸੁੱਟ ਪਾਉਣ ਵਾਲੇ ਨਹੀਂ।ਸੀਨੇ-ਬਸੀਨੇ ਜੋ ਗੱਲਾਂ ਤੁਰੀਆਂ ਆ ਰਹੀਆਂ ਹਨ, ਉਹਨਾਂ ਵਿਚ ਚੰਦੂ ਸ਼ਾਹ ਨੂੰ ਨਜ਼ਰ ਅੰਦਾਜ਼ ਕਰਨਾ ਭੀ ਕਿਸੇ ਭਾਂਤ ਵਾਜਬ ਨਹੀਂ।ਚੰਦੂ ਸ਼ਾਹ ਦੀ ਲੜਕੀ ਦੇ ਰਿਸ਼ਤੇ ਨਾਲ ਸਬੰਧਤ ਸਿੱਖ ਸੰਗਤ ਵੱਲੋਂ ਇਹ ਰਿਸ਼ਤਾ ਨਾ-ਮਨਜ਼ੂਰ ਕਰਨ ਬਾਰੇ ਹੁਕਮ ਵੀ ਆਪਣੀ ਕੁਝ ਅਹਿਮੀਅਤ ਅਵੱਸ਼ ਰੱਖਦਾ ਹੈ।ਬ੍ਰਾਹਮਣੀ ਮਤ ਵਾਲਿਆਂ ਪਾਸੋਂ ਸਿੱਖ ਮਤ ਦਾ ਵਾਧਾ ਤੇ ਪ੍ਰਤਾਪ ਨਹੀਂ ਸੀ ਜਰਿਆ ਜਾ ਰਿਹਾ।ਉਹ ਸਾਹਿਬ ਸਤਿਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਸਿੱਖੀ ਦੀ ਪ੍ਰਫੁਲਤਾ ਨਾਲ ਬਹੁਤ ਦੁਖੀ



Sri Satguru Jagjit Singh Ji eLibrary NamdhariElibrary@gmail.com

ਅਰ ਵਿਆਕੁਲ ਹੋ ਰਹੇ ਸਨ।ਸਮਾਜਕ ਅਤੇ ਭਾਈਚਾਰਕ ਦਬਾਅ ਨਾਲ ਇਹਨਾਂ ਨੇ ਪਹਿਲੇ ਪਹਿਲ ਸਿੱਖੀ ਦਾ ਵਿਰੋਧ ਆਰੰਭ ਕੀਤਾ।ਬ੍ਰਾਹਮਣੀ ਮਤ ਦੀ ਸਮਾਜਕ ਤੇ ਭਾਈਚਾਰਕ ਪੁਜ਼ੀਸ਼ਨ ਦਿਨ ਬਦਿਨ ਕਮਜ਼ੋਰ ਹੁੰਦੀ ਗਈ ਅਤੇ ਅੰਤ ਨਿਤਾਣੀ ਹਾਲਤ ਵਿਚ ਪੁੱਜ ਗਈ।ਸਿੱਧਾ ਵਿਰੋਧ ਕਰਨਾ ਇਹਨਾਂ ਦੇ ਵੱਸ ਦਾ ਨਾ ਰਿਹਾ, ਜਿਸ ਕਾਰਨ ਇਹਨਾਂ ਨੇ ਹਾਕਮਾਂ ਪਾਸ ਚੁਗਲੀਆਂ ਕਰ ਕੇ ਆਪਣਾ ਉੱਲੂ ਸਿੱਧਾ ਕਰਨਾ ਆਰੰਭ ਕੀਤਾ।ਇਹਨਾਂ ਧਰਮ-ਘਾਤੀਆਂ ਤੇ ਪੇਟ-ਪ੍ਰਸਤਾਂ ਨੂੰ ਸਰਕਾਰੀ ਦਰਬਾਰ ਵਿਚ ਮਹੇਸ਼ ਦਾਸ ਬ੍ਰਾਹਮਣ ਜੋ ਬੀਰਬਲ ਕਰ ਕੇ ਆਮ ਪ੍ਰਸਿੱਧ ਹੈ, ਇਕ ਪੱਕੇ ਕਿੱਲੇ ਦੇ ਰੂਪ ਵਿਚ ਮਿਲ ਗਿਆ।ਭਾਵਾਂ, ਇਹ ਬ੍ਰਾਹਮਣ ਗੁਰੂ ਅਰਜਨ ਪਾਤਸ਼ਾਹ ਦੀ ਸ਼ਹਾਦਤ ਤੋਂ ਪਹਿਲੇ ਹੀ ਫਰੰਟੀਅਰ ਦੀ ਇੱਕ ਲੜਾਈ ਵਿਚ ਮਾਰਿਆ ਗਿਆ ਸੀ, ਪਰ ਜੀਵਨ ਪਰਯੰਤ ਇਹ ਸ਼ਖਸ ਆਪਣੇ ਵਿਤ-ਮੂਜਬ ਸਿੱਖੀ ਦਾ ਵਿਰੋਧ ਕਰਨ ਦਾ ਜਤਨ ਕਰਦਾ ਰਿਹਾ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨੇ ਵੀ ਸਿੱਧੇ ਅਤੇ ਅਸਿੱਧੇ ਕਈ ਵਿਰੋਧੀ ਪੈਦਾ ਕੀਤੇ।ਇਸ ਦੇ ਵਿਚ ਦਰਸਾਏ ਸਪਸ਼ਟ ਸਿਧਾਂਤਾਂ ਦੀ ਤਾਬ ਨਾ ਬ੍ਰਾਹਮਣ ਝੱਲ ਸਕੇ ਨਾ ਕਾਜ਼ੀ ਮੁਲਾਣੇ।ਯੋਗ ਮਤ ਵਾਲਿਆਂ ਦੀ ਹੀ ਨਹੀਂ, ਹੋਰ ਅਨੇਕਾਂ ਛੋਟੇ ਮੋਟੇ ਮਤ-ਮਤਾਂਤਰਾਂ ਵਾਲਿਆਂ ਦੇ ਗ਼ਲਤ ਅਸੂਲਾਂ ਤੇ ਘਟੀਆ ਰਹਿਣੀ ਦੀ ਮੁਖ਼ਾਲਫ਼ਤ ਕਰ ਕੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਇਹਨਾਂ ਸਭ ਦੀ ਚੰਗੀ ਭੁਗਤ ਸਵਾਰੀ ਹੈ।ਇਹਨਾਂ ਤਬਕਿਆਂ ਦੀ ਵਿਰੋਧਤਾ ਦੇ ਨਾਲ ਨਾਲ ਕੁਝ ਹੋਰ ਚੀਜ਼ਾਂ ਬੇ-ਮਤਲਬੇ ਜਿਹੇ ਰੂਪ ਵਿਚ ਆ ਅੜੀਆਂ।ਇਹ ਸਨ ਕੁਝ ਸਮਕਾਲੀ ਭਗਤ, ਜਿਹਾ ਕਿ ਕਾਹਨਾ, ਛਜੂ, ਪੀਲੂ ਤੇ ਸ਼ਾਹ ਹੁਸੈਨ।ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਉਹਨਾਂ ਵਿਅਕਤੀਆਂ ਦਾ ਕਲਾਮ ਹੀ ਸ਼ਾਮਲ ਕੀਤਾ ਗਿਆ ਸੀ, ਜਿਨ੍ਹਾਂ ਦੇ ਸਿਧਾਂਤ ਅਤੇ ਰਹਿਣੀ-ਰਹਿਤ ਗੁਰੂ ਨਾਨਕ ਪਾਤਸ਼ਾਹ ਵੱਲੋਂ ਦਰਸਾਈ ਤੇ ਪਰਵਾਨ ਚੜ੍ਹਾਈ ਤੱਤ-ਗੁਰਮਤ ਦੇ ਅਨੁਕੂਲ ਸਨ।ਉਪਰੋਕਤ ਬਿਆਨ ਕੀਤੇ ਭਗਤ ਗੁਰਮਤ ਦੀ ਕਸਵਟੀ ਪੁਰ ਪੂਰੇ ਨਹੀਂ ਸੀ ਉਤਰ ਸਕੇ, ਸੋ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਾ ਕੀਤੇ ਗਏ।ਇਹਨਾਂ ਸਭਨਾਂ ਦਾ ਨਾਰਾਜ਼ ਹੋ ਜਾਣਾ ਸੁਭਾਵਕ ਸੀ।ਕਾਹਨੇ ਵਰਗੇ ਭਗਤ ਕੁਝ ਰਾਜਸੀ ਅਸਰ ਭੀ ਰਖਦੇ ਸਨ।ਬਾਕੀਆਂ ਨੇ ਆਪਣੇ ਸ਼ਰਧਾਲੂਆਂ ਵਿਚ ਸਿੱਖ ਮਤ ਪ੍ਰਤੀ ਨਫ਼ਰਤ ਫੈਲਾਣ ਦਾ ਨਿਰਰਥਕ ਜਤਨ ਕੀਤਾ।ਸਰਕਾਰੀ ਦਰਬਾਰ ਤਕ ਪਹੁੰਚ ਵਾਲਿਆਂ ਨੇ ਰਾਜ-ਸ਼ਕਤੀ ਨੂੰ ਲੋੜ ਅਨੁਸਾਰ ਉਕਸਾਉਣਾ ਹੀ ਸੀ।ਸੋ, ਉਹਨਾਂ ਨੇ ਵੀ ਵਿਤ-ਮੂਜਬ ਸਿੱਖ ਮਤ ਦਾ ਵਿਰੋਧ ਕੀਤਾ।

ਗੁਰੂ ਨਾਨਕ ਪਾਤਸ਼ਾਹ ਦੀ ਮਹਾਨ ਗੱਦੀ ਉਤੇ ਬਿਰਾਜਣ ਦੀ ਅਨਅਧਿਕਾਰੀ ਤੀਬਰ ਤਾਂਘ ਤੇ ਲਾਲਸਾ ਰੱਖਣ ਵਾਲੇ, ਗੁਰਗੱਦੀ ਲਈ ਬਿਲਕੁਲ ਅਯੋਗ ਜਾਂ



Sri Satguru Jagjit Singh Ji eLibrary NamdhariElibrary@gmail.com

ਨਾਕਾਬਲ ਇਨਸਾਨ ਪ੍ਰਿਥੀਚੰਦ, ਜੋ ਸਾਹਿਬ ਸਤਿਗੁਰੂ ਅਰਜਨ ਦੇਵ ਜੀ ਦਾ ਵੱਡਾ ਭਾਈ ਸੀ, ਨੇ ਵੀ ਗੁਰੂ ਅਰਜਨ ਪਾਤਸ਼ਾਹ ਦੀ ਮੁਖ਼ਾਲਫ਼ਤ ਕਰਨ ਵਿਚ ਕੋਈ ਘੱਟ ਨਾ ਗੁਜ਼ਾਰੀ।

ਮੁੱਦਾ ਇਹ, ਕਿ ਹਰ ਮੁਖ਼ਾਲਿਫ਼ ਅਤੇ ਮੁਖ਼ਾਲਫ਼ਤ ਕਰਨ ਵਾਲੀ ਜਥੇਬੰਦੀ ਜਾਂ ਮਤ ਨੇ ਆਪਣੇ ਆਪਣੇ ਕਾਰਨਾਂ ਕਰਕੇ ਆਪਣੇ ਆਪਣੇ ਢੰਗ ਨਾਲ ਅਤੇ ਆਪਣੇ ਆਪਣੇ ਵਿਤ-ਮੂਜਬ ਗੁਰੂ ਨਾਨਕ ਮਤ ਦੀ ਮੁਖ਼ਾਲਫ਼ਤ ਕੀਤੀ।ਚੂੰਕਿ ਇਹ ਸਭ ਮੁਖ਼ਾਲਿਫ਼ ਜਾਂ ਵਿਰੋਧੀ ਤਹਿ ਦਿਲੋਂ ਚਰਮ ਹੱਦ ਤਕ ਵੈਰ ਭਾਵਨਾ ਲਈ ਬੈਠੇ ਸਨ, ਇਹਨਾਂ ਸਭਨਾਂ ਦੀ ਤਾਨ ਇਥੇ ਆ ਕੇ ਹੀ ਟੁਟਦੀ ਸੀ, ਕਿ ਕਿਸੇ ਤਰ੍ਹਾਂ ਤਤ-ਕਾਲੀ ਰਾਜ-ਸ਼ਕਤੀ ਨੂੰ ਗੁਰੂ ਅਰਜਨ ਪਾਤਸ਼ਾਹ ਅਤੇ ਉਹਨਾਂ ਦੇ ਸਿੱਖ ਮਤ ਦੇ ਗਲ ਪੁਆਇਆ ਜਾਏ; ਕਿਉਂਕਿ ਇਕੱਲੇ ਦੁਕੱਲੇ ਰੂਪ ਵਿਚ ਦੁਸ਼ਮਣ ਦਾ ਬਹੁਤ ਨੁਕਸਾਨ ਕਈ ਵੇਰੀ ਸੰਭਵ ਨਹੀਂ ਹੁੰਦਾ ਅਤੇ ਸਮਾਜਕ ਜਾਂ ਭਾਈਚਾਰਕ ਵਿਰੋਧ ਭੀ ਹਰ ਮੌਕੇ ਕਾਰਗਾਰ ਨਹੀਂ ਹੁੰਦਾ।ਸਭ ਤੋਂ ਵੱਧ ਨੁਕਸਾਨ ਕਰਨ ਲਈ ਸਭ ਤੋਂ ਵੱਧ ਅਸਰਦਾਈ ਤਰੀਕਾ ਦੁਸ਼ਮਣ ਉਤੇ ਰਾਜ-ਬਲ ਦੁਆਰਾ ਹਮਲਾ ਕਰਨਾ ਜਾਂ ਕਰਵਾਉਣਾ ਹੁੰਦਾ ਹੈ।ਇਸੇ ਨੀਅਤ ਨਾਲ ਲਗਪਗ ਹਰ ਵਿਰੋਧੀ ਨੇ ਸੰਸਾਰ ਦੀ ਸਰਬ ਸ਼ਰੋਮਣੀ, ਮਹਾਨ ਪਵਿਤਰ, ਨੇਕੀ ਤੇ ਪਰੋਪਕਾਰ ਦੀ ਸਾਕਾਰ ਮੂਰਤ, ਸਮੂਹ ਸੰਸਾਰ ਦਾ ਭਲਾ ਚਾਹੁਣ ਵਾਲੀ ਸੰਸਾਰ ਦੀ ਸਭ ਤੋਂ ਵੱਧ ਮਹਾਨ ਸ਼ਖਸੀਅਤ, ਸਾਹਿਬ ਸਤਿਗੁਰੂ ਅਰਜਨ ਪਾਤਸ਼ਾਹ ਉਤੇ ਬੱਜਰ ਪਾਪ ਕਮਾਉਣ ਅਤੇ ਸੰਸਾਰ ਦਾ ਸਭ ਤੋਂ ਵੱਡਾ ਜ਼ੁਲਮ ਢਾਹੁਣ ਲਈ ਰਾਜ-ਬਲ ਨੂੰ ਉਕਸਾਉਣ ਤੇ ਮਨਾਉਣ ਵੱਲ ਹੀ ਰੁੱਖ ਰੱਖਿਆ, ਜਿਸਦਾ ਨਤੀਜਾ ਗੁਰੂ ਪਾਤਸ਼ਾਹ ਦੀ ਮਹਾਨ ਸ਼ਹਾਦਤ ਦੇ ਰੂਪ ਵਿਚ ਨਿਕਲਿਆ।

ਸਾਹਿਬ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸੁਚੱਜੇ ਅਤੇ ਨਰੋਏ ਮਤ ਨੂੰ ਆਪਣੀ ਮਹਾਨ ਸ਼ਖਸੀਅਤ ਨਾਲ ਭਾਰਤ ਖੰਡ ਦੇ ਦੇਸ਼ਾਂ ਵਿਚ ਹੀ ਨਹੀਂ, ਭਾਰਤ ਖੰਡ ਤੋਂ ਬਾਹਰ ਦੇ ਏਸ਼ੀਆ ਦੇ ਕਈ ਦੇਸ਼ਾਂ, ਯੋਰਪ ਅਤੇ ਅਫ਼ਰੀਕਾ ਦੇ ਕਈ ਭਾਗਾਂ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪਰਚਾਰਿਆ।ਗੈਰ-ਸਿੱਖ ਲਿਖਾਰੀਆਂ ਦੀ ਕਲਮ ਨਾਲ ਇਹੋ ਜਿਹੇ ਤੱਥ ਲਿਖੇ ਮਿਲਦੇ ਹਨ ਕਿ ਗੁਰੂ ਨਾਨਕ ਪਾਤਸ਼ਾਹ ਨੇ ਤਿੰਨ ਕਰੋੜ ਦੇ ਲਗਪਗ ਲੋਕਾਂ ਨੂੰ ਆਪ ਗੁਰ-ਦੀਖਿਆ ਦਿਤੀ, ਜਿਹਨਾਂ ਵਿਚ ਜ਼ਮਾਨੇ ਦੇ ਬੜੇ ਵਡੇ ਵਡੇ ਧਾਰਮਿਕ ਆਗੂ, ਵਿਦਵਾਨ ਅਤੇ ਰਾਜੇ ਮਹਾਰਾਜੇ ਵੀ ਸਨ।ਅਨੇਕਾਂ ਥਾਵਾਂ ਤੇ ਪ੍ਰਚਾਰ ਲਈ ਸੈਂਟਰ ਕਾਇਮ ਕੀਤੇ, ਜਿਨ੍ਹਾਂ ਨੂੰ ਸੰਗਤ ਕਿਹਾ ਜਾਂਦਾ ਸੀ।ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੇ ਪ੍ਰਚਾਰ ਦੇ ਕੰਮ ਨੂੰ ਬਹੁਤ ਸੁਚੱਜੇ ਢੰਗ ਨਾਲ ਸੰਗਠਤ ਕੀਤਾ ਤੇ ਇਸ ਤਰ੍ਹਾਂ ਸਿੱਖੀ ਪ੍ਰਚਾਰ ਦਾ ਘੇਰਾ ਵਧਣ ਦੇ ਨਾਲ ਨਾਲ ਪ੍ਰਚਾਰ ਦਾ ਕੰਮ ਪੱਕੇ ਪੈਰਾਂ ਤੇ ਪ੍ਰਫੁਲਤ ਹੋਇਆ।



Sri Satguru Jagjit Singh Ji eLibrary NamdhariElibrary@gmail.com

ਗੁਰੂ ਅਮਰਦਾਸ ਜੀ ਦੇ ਵੇਲੇ ਸਿੱਖੀ ਦਾ ਦਾਇਰਾ ਇਤਨਾ ਵਿਸ਼ਾਲ ਹੋ ਚੁਕਾ ਸੀ ਕਿ ਗੁਰੂ ਪਾਤਸ਼ਾਹ ਨੇ ਅੱਡ ਅੱਡ ਇਲਾਕਿਆਂ ਦੀ ਵੰਡ ਕਰ ਕੇ ਕਰਨੀ ਵਾਲੇ ਤੇ ਸਿੱਖੀ ਰਹਿਤ ਵਿਚ ਪਰਪੱਕ 22 ਗੁਰਮੁਖਾਂ ਨੂੰ ਪ੍ਰਚਾਰ ਦਾ ਕੰਮ ਆਪਣੇ ਆਪਣੇ ਇਲਾਕੇ ਵਿਚ ਸੰਗਠਤ ਕਰਨ ਦਾ ਹੁਕਮ ਦਿਤਾ।ਬੜੀ ਤੇਜ਼ੀ ਨਾਲ ਅੱਡ ਅੱਡ ਜ਼ਾਤਾਂ, ਬਿਰਾਦਰੀਆਂ ਅਤੇ ਮਜ਼ਹਬਾਂ ਵਿਚੋਂ ਲੋਕਾਂ ਨੇ ਲੱਖਾਂ ਦੀ ਗਿਣਤੀ ਵਿਚ ਸਿੱਖ ਮਤ ਧਾਰਨ ਕੀਤਾ।ਬਹੁਤ ਸਾਰੇ ਮੁਸਲਮਾਨ, ਜੋ ਸਮੇਂ ਦੀ ਹਾਕਮ ਕੌਮ ਨਾਲ ਸਬੰਧਤ ਸਨ, ਵੀ ਸਿੱਖ ਮਤ ਦੇ ਧਾਰਨੀ ਬਣਨੇ ਸ਼ੁਰੂ ਹੋ ਗਏ।ਅੱਲਾ ਯਾਰ ਖ਼ਾਨ 22 ਮੰਜੀਦਾਰਾਂ ਵਿਚੋਂ ਇਕ ਸੀ, ਜਿਸ ਨੂੰ ਸਿੱਖੀ ਪ੍ਰਚਾਰ ਲਈ ਕਾਫ਼ੀ ਇਲਾਕਾ ਸਤਿਗੁਰਾਂ ਨੇ ਸੌਂਪ ਰੱਖਿਆ ਸੀ।ਸਿੱਖ ਮਤ ਦੇ ਪ੍ਰਚਾਰ ਦੇ ਇਤਿਹਾਸ ਜਾਣਨ ਵਾਲੇ ਵਿਦਿਆਰਥੀ ਲਈ ਇਹ ਗੱਲ ਬੜੀ ਅਹਿਮ ਹੈ ਕਿ ਬਾਬਾ ਅੱਲਾ ਯਾਰ ਖ਼ਾਨ ਵਰਗੇ ਅਨੇਕਾਂ ਬੰਦੇ ਸਿਰਫ ਮੁਸਲਮਾਨੋਂ ਸਿੱਖ ਹੀ ਨਹੀਂ ਸਨ ਸਜੇ, ਸਗੋਂ ਬੜੇ ਉਤਸ਼ਾਹ ਨਾਲ ਸਿੱਖੀ ਦਾ ਹੋਰ ਲੋਕਾਂ ਵਿਚ ਪ੍ਰਚਾਰ ਕਰਨਾ ਆਪਣਾ ਧੰਨਭਾਗ ਸਮਝ ਰਹੇ ਸਨ।ਹਿੰਦੂਆਂ ਵਿਚੋਂ ਉੱਚ-ਜ਼ਾਤੀਏ, ਜ਼ਾਤ-ਅਭਿਮਾਨੀਆਂ ਨੂੰ ਛੱਡ ਕੇ ਆਮ ਬੰਦੇ ਦਾ ਝੁਕਾਅ ਸਿੱਖੀ ਵੱਲ ਹੁੰਦਾ ਜਾ ਰਿਹਾ ਸੀ।

ਸਤਿਗੁਰੂ ਰਾਮਦਾਸ ਜੀ ਦੇ ਸਮੇਂ ਚੱਕ ਰਾਮਦਾਸ ਜੋ ਮਗਰੋਂ ਸ਼ਹਿਰ ਅੰਮ੍ਰਿਤਸਰ ਦਾ ਰੂਪ ਧਾਰਨ ਕਰ ਗਿਆ, ਸਿੱਖ ਮਤ ਦੇ ਪ੍ਰਚਾਰ ਦਾ ਮਹਾਨ ਕੇਂਦਰ ਬਣਨ ਲੱਗਾ।ਇਸ ਸਮੇਂ ਸਿੱਖੀ ਪ੍ਰਚਾਰ ਇਤਨਾ ਵਧ ਚੁਕਾ ਸੀ ਕਿ 20-22 ਪ੍ਰਚਾਰਕਾਂ ਪਾਸੋਂ ਇਤਨਾ ਪ੍ਰਚਾਰ ਵਿਸਥਾਰ ਕੰਟਰੋਲ ਨਹੀਂ ਸੀ ਹੋ ਸਕਦਾ, ਜਿਸ ਕਾਰਨ ਦੂਰ-ਦਰਸ਼ੀ ਸਤਿਗੁਰੂ ਰਾਮਦਾਸ ਜੀ ਨੇ ਗੁਰਗੱਦੀ ਵੱਲੋਂ ਪ੍ਰਵਾਣਤ ਅਨੇਕਾਂ ਸੇਵਾਦਾਰ ਦੂਰ ਨੇੜੇ ਦੇ ਸਭ ਇਲਾਕਿਆਂ ਵਿਚ ਗੁਰਮਤਿ ਪ੍ਰਚਾਰ ਲਈ ਨੀਅਤ ਕੀਤੇ, ਜੋ ਬੜੇ ਉੱਚੇ ਸੁੱਚੇ ਗੁਰਸਿੱਖੀ ਜੀਵਨ ਦੇ ਧਾਰਨੀ, ਵਿਦਵਾਨ ਤੇ ਪ੍ਰਚਾਰਕ ਲਗਨ ਵਾਲੇ ਸਨ।ਸਿੱਖ ਇਤਿਹਾਸ ਵਿਚ ਇਹਨਾਂ ਨੂੰ "ਮਸੰਦ" ਕਿਹਾ ਗਿਆ ਹੈ।ਪਿਛਲੇਰੇ ਸਮੇਂ ਵਿਚ ਮਸੰਦਾਂ ਦੇ ਜੀਵਨ ਵਿਚ ਭਾਰੀ ਕਮਜ਼ੋਰੀਆਂ ਆ ਜਾਣ ਕਾਰਨ "ਮਸੰਦ" ਲਫ਼ਜ਼ ਗੋਲਕ-ਚੋਰਾਂ ਲਈ ਵਰਤਣਾ ਆਰੰਭ ਹੋ ਗਿਆ, ਪਰ ਆਪਣੇ ਮੂਲ ਰੂਪ ਵਿਚ ਇਹ ਲਫ਼ਜ਼ ਬੜਾ ਆਦਰ-ਸੂਚਕ ਸੀ।ਇਸ ਸਮੇਂ ਇਹਨਾਂ ਮਸੰਦਾਂ ਵੱਲੋਂ ਸੰਗਤਾਂ ਵਿਚੋਂ ਧਰਮ ਪ੍ਰਚਾਰ ਲਈ ਬੜੀ ਭਾਰੀ ਮਾਤਰਾ ਵਿਚ ਦਸਵੰਧ ਦੀ ਰਕਮ ਇਕੱਠੀ ਹੋ ਕੇ ਆਉਂਦੀ ਸੀ, ਜਿਸ ਨਾਲ ਸਿੱਖੀ ਦੇ ਕੇਂਦਰੀ ਪ੍ਰਾਜੈਕਟਾਂ ਦੀ ਪ੍ਰਫੁਲਤਾ ਲਈ ਅਤੇ ਧਰਮ ਪ੍ਰਚਾਰ ਲਈ ਬੜੀ ਸਹਾਇਤਾ ਮਿਲਦੀ ਸੀ।

ਗੁਰੂ ਅਰਜਨ ਦੇਵ ਜੀ ਦੇ ਵੇਲੇ ਤਾਂ ਸਿੱਖ ਮੱਤ ਦਾ ਪ੍ਰਚਾਰ ਬਹੁਤ ਤੇਜ਼ੀ ਨਾਲ ਵਧ ਚੁਕਾ ਸੀ।ਇਸ ਸਮੇਂ ਭਾਈ ਗੁਰਦਾਸ, ਭਾਈ ਮੰਝ, ਭਾਈ ਬਹਿਲੋ, ਭਾਈ



Sri Satguru Jagjit Singh Ji eLibrary NamdhariElibrary@gmail.com

ਕਲਿਆਣਾ, ਭਾਈ ਤਿਲਕਾ, ਭਾਈ ਲੰਗਾਹ, ਭਾਈ ਬਹੋੜੂ, ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਪਿਰਾਣਾ ਆਦਿਕਾਂ ਨੇ ਆਪਣੇ ਆਪਣੇ ਢੰਗ ਨਾਲ ਸਿੱਖੀ ਦਾ ਬੜਾ ਪ੍ਰਚਾਰ ਕੀਤਾ।ਦੁਆਬੇ ਦੇ ਦੌਰੇ ਸਮੇਂ ਜਲੰਧਰ ਦਾ ਗਵਰਨਰ ਸੱਯਦ ਅਜ਼ੀਮ ਖ਼ਾਨ ਸਿੱਖੀ ਦੇ ਅਸੂਲਾਂ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਨਾ ਕੇਵਲ ਸਿੱਖੀ ਅਸੂਲ ਹੀ ਗ੍ਰਹਿਣ ਕੀਤੇ, ਬਲਕਿ ਸਤਿਗੁਰਾਂ ਨੂੰ ਉਚੇਚੀ ਬੇਨਤੀ ਕਰ ਕੇ ਆਪਣੇ ਇਲਾਕੇ ਵਿਚ ਕਰਤਾਰਪੁਰ ਜਲੰਧਰ ਵਿਖੇ ਸਿੱਖੀ ਦਾ ਮਹਾਨ ਕੇਂਦਰ ਅਸਥਾਪਤ ਕਰਵਾਇਆ।ਵਜ਼ੀਰ ਖ਼ਾਨ ਦਰਬਾਰੀ ਤੇ ਮੀਆਂ ਮੀਰ ਵਰਗੇ ਮੁਸਲਮਾਨ ਧਾਰਮਿਕ ਆਗੂ ਵੀ ਗੁਰੂ ਸਾਹਿਬ ਦੇ ਸ਼ਰਧਾਲੂ ਬਣ ਗਏ।ਸਿੱਖੀ ਇਤਨੀ ਤੇਜ਼ੀ ਨਾਲ ਵਧ ਰਹੀ ਸੀ ਕਿ ਅਨਮਤਾਂ ਦੇ ਪ੍ਰਚਾਰਕਾਂ ਅਤੇ ਆਗੂਆਂ ਦੀ ਨਜ਼ਰ ਵਿਚ ਰੜਕਣ ਲੱਗੀ।ਅਸਲ ਕਾਰਨ ਤਾਂ ਇਹ ਸੀ ਕਿ ਸਿੱਖੀ ਅਸੂਲ ਹੀ ਦਿਲ-ਖਿਚਵੇਂ, ਸਿੱਧੇ ਸਰਲ ਅਤੇ ਸਾਂਝੇ ਸਨ, ਕਿ ਹਰ ਕੋਈ ਸਿੱਖੀ ਵੱਲ ਥੋੜ੍ਹਾ ਜਾਂ ਬਹੁਤਾ ਰੁਝਾਨ ਰੱਖਣ ਉਤੇ ਮਜ਼ਬੂਰ ਹੋ ਜਾਂਦਾ ਸੀ।ਦੂਜੇ, ਸਤਿਗੁਰੂ ਸਾਹਿਬਾਨ ਦਾ ਆਪਣਾ ਜੀਵਨ ਵੀ ਇਤਨਾ ਪ੍ਰਭਾਵਸ਼ਾਲੀ ਸੀ ਕਿ ਲੋਕੀਂ ਬਦੋਬਦੀ ਸਿੱਖੀ ਵਿਚ ਦਾਖਲ ਹੋਣਾ ਲੋਚਦੇ ਸਨ।ਹਿੰਦੂ, ਮੁਸਲਮਾਨ ਤੇ ਯੋਗ-ਮਤ ਦੇ ਪ੍ਰਚਾਰਕਾਂ ਦੇ ਜੀਵਨ ਅਤੇ ਸਿਧਾਂਤਾਂ ਵਿਚ ਇਤਨੀਆਂ ਕਮਜ਼ੋਰੀਆਂ ਸਨ ਕਿ ਬਿਨਾਂ ਬਹੁਤੇ ਗਹਿਰੇ ਯਤਨ ਕੀਤਿਆਂ ਲੋਕੀਂ ਧੜਾਧੜ ਇਹਨਾਂ ਦੇ ਚੰਗੁਲਾਂ ਵਿਚੋਂ ਨਿਕਲ ਨਿਕਲ ਕੇ ਸਿੱਖੀ ਵਿਚ ਸ਼ਾਮਲ ਹੋ ਰਹੇ ਸਨ।ਇਸ ਸਭ ਕਾਸੇ ਦਾ ਵੱਡਾ ਨਤੀਜਾ ਇਹ ਨਿਕਲਿਆ ਕਿ ਹਿੰਦੂਆਂ ਵਿਚੋਂ ਉੱਚ-ਜ਼ਾਤੀਏ ਤੇ ਖਾਸ ਕਰ ਕੇ ਬ੍ਰਾਹਮਣ ਜੋ ਸਾਰੀ ਹਿੰਦੂ ਕੌਮ ਨੂੰ ਲੁੱਟ ਕੇ ਖਾ ਰਹੇ ਸਨ, ਸਿੱਖੀ ਲਹਿਰ ਦੇ ਸਖ਼ਤ ਵਿਰੋਧੀ ਬਣਨੇ ਸ਼ੁਰੂ ਹੋ ਗਏ ਤੇ ਦੂਜੇ ਪਾਸੇ ਕੱਟੜ ਮੁਸਲਮਾਨ ਇਸ ਕਰ ਕੇ ਚਿੰਤਾਤੁਰ ਹੋ ਗਏ ਕਿ ਇਕ ਤਾਂ ਉਹਨਾਂ ਦੇ ਸਾਰੇ ਹਿੰਦੋਸਤਾਨ ਨੂੰ ਇਸਲਾਮੀ ਝੰਡੇ ਹੇਠ ਲਿਆਉਣ ਦੇ ਨਿਸ਼ਾਨੇ ਨੂੰ ਪੂਰਾ ਕਰਨ ਵਿਚ ਭਾਰੀ ਵਿਘਨ ਪੈ ਗਿਆ ਤੇ ਦੂਜਾ ਮੁਸਲਮਾਨਾਂ ਵਿਚੋਂ ਉਲਟੇ ਧਰਮ ਪਰਿਵਰਤਨ ਕਰ ਕੇ ਲੋਕੀਂ ਸਿੱਖ ਸਜਣੇ ਸ਼ੁਰੂ ਹੋ ਗਏ।

ਇਸਲਾਮ ਦੇ ਭਾਈਚਾਰਕ ਅਤੇ ਧਾਰਮਕ ਅਸੂਲ ਕੁਝ ਇਸ ਕਿਸਮ ਦੇ ਹੀ ਰਹੇ ਹਨ ਕਿ ਉਹ ਸ਼ੁਰੂ ਤੋਂ ਹਰ ਥਾਂ ਮੁਸਲਮਾਨੀ ਰਾਜ-ਸ਼ਕਤੀ ਵਾਲੇ ਸਮਾਜ ਦੀ ਅਸਥਾਪਨਾ ਕਰਨਾ ਆਪਣੇ ਮਤ ਦੇ ਅਨੁਕੂਲ ਮੰਨਦੇ ਰਹੇ ਹਨ।ਜਿਸ ਦੇਸ਼ ਵਿਚ ਗੈਰ-ਇਸਲਾਮੀ ਰਾਜ ਸੀ, ਉਸ ਨੂੰ ਆਪਣਾ ਦੁਸ਼ਮਣ ਸਮਝਦੇ ਰਹੇ ਸਨ।

ਬਾਦਸ਼ਾਹ ਅਕਬਰ ਨੇ ਪਹਿਲੀ ਵਾਰ ਸਰਬਪੱਖੀ ਸੋਚ ਨੂੰ ਵਰਤਦਿਆਂ ਹਿੰਦੂਆਂ ਅਤੇ ਮੁਸਲਮਾਨਾਂ ਦੀ ਸਾਂਝੀ ਸਮਾਜ-ਬਣਤਰ ਅਤੇ ਰਾਜ-ਬਣਤਰ ਕਾਇਮ



Sri Satguru Jagjit Singh Ji eLibrary NamdhariElibrary@gmail.com

ਕਰਨ ਉਤੇ ਕੁਝ ਅਸਰ ਭਰਪੂਰ ਕੰਮ ਕੀਤਾ।ਉਸ ਸਦੀ ਦੀ ਇਸਲਾਮੀ ਤਰੱਕੀ ਸੰਸਾਰ ਪੱਧਰ ਉਤੇ ਕੁਝ ਅਜਿਹੀ ਸ਼ਕਲ ਅਖਤਿਆਰ ਕਰ ਰਹੀ ਸੀ, ਕਿ ਅਕਬਰ ਦੇ ਮਨ ਵਿਚ ਇਹ ਸੁਭਾਵਿਕ ਖਿਆਲ ਉਠਿਆ ਕਿ ਇਸਲਾਮੀ ਰਾਜਨੀਤੀ ਦਾ ਸੈਂਟਰ ਵੀ ਹੁਣ ਹਿੰਦੋਸਤਾਨ ਜਾਂ ਅਕਬਰ ਹੀ ਮਿਥਿਆ ਜਾਣਾ ਚਾਹੀਦਾ ਹੈ।ਇਹ ਸੋਚ ਕੇ ਅਕਬਰ ਨੇ ਆਪਣੇ ਨਾਮ ਦਾ ਖ਼ੁਤਬਾ ਪੜ੍ਹਿਆ ਜਿਸ ਨੂੰ ਪੜ੍ਹਨ ਦਾ ਹੱਕ ਕੇਵਲ ਖ਼ਲੀਫਹਤੁ ਇਸਲਾਮ ਦਾ ਹੀ ਮੰਨਿਆ ਜਾਂਦਾ ਸੀ।ਇਸ ਖ਼ੁਤਬੇ ਵਿਚ ਕੁਝ ਅਜਿਹੇ ਤੱਤ ਆ ਸ਼ਾਮਲ ਹੋਏ ਕਿ ਜਿਨ੍ਹਾਂ ਨਾਲ ਕੱਟੜ ਮੁਸਲਮਾਨ ਭੜਕ ਉਠੇ।ਖ਼ੁਤਬੇ ਦਾ ਇਹ ਤੱਤ ਸੀ ਕਿ ਅਕਬਰ ਨੇ ਰੱਬ ਦੀ ਇਹ ਉਸਤਤ ਕੀਤੀ ਕਿ ਰੱਬ ਨੇ ਉਸ ਨੂੰ ਰਾਜ ਭਾਗ ਬਖਸ਼ਸ਼ ਕੀਤਾ ਹੈ ਤੇ ਉਸ ਨੂੰ ਅਕਲ ਅਤੇ ਤਾਕਤ ਦੀ ਦਾਤ ਦਿਤੀ ਹੈ।ਰੱਬ ਨੇ ਇਨਸਾਫ਼ ਦੇ ਰਸਤੇ ਉਤੇ ਤੁਰਨ ਦੀ ਪ੍ਰੇਰਨਾ ਕੀਤੀ ਹੈ ਅਤੇ ਉਸ ਦੀ ਕਿਰਪਾ ਸਦਕਾ ਅਕਬਰ ਦੇ ਮਨ ਵਿਚੋਂ ਇਨਸਾਫ਼ ਦੇ ਵਿਰੁਧ ਗੱਲਾਂ ਅਥਵਾ ਬੇਇਨਸਾਫ਼ੀ ਦੀਆਂ ਗੱਲਾਂ ਦੂਰ ਹੋ ਗਈਆਂ ਹਨ।

ਕੱਟੜ ਅਤੇ ਤੰਗ-ਦਿਲ ਮੁਸਲਮਾਨਾਂ ਦਾ ਅਕਬਰ ਦੇ ਇਹਨਾਂ ਵਿਚਾਰਾਂ ਉਤੇ ਭੜਕ ਉਠਣਾ ਸੁਭਾਵਕ ਹੀ ਸੀ।ਮੁਸਲਮਾਨਾਂ ਦੀ ਤਾਂ ਸਰਬ ਸਿੱਧ ਪਰਵਾਣਤ ਰਾਏ ਵੀ ਇਹੋ ਸੀ ਕਿ ਹਰ ਥਾਂ ਇਕ ਛਤਰ ਇਸਲਾਮੀ ਰਾਜ ਕਾਇਮ ਕੀਤਾ ਜਾਵੇ ਤੇ ਕਿਸੇ ਗ਼ੈਰ-ਮੁਸਲਿਮ ਨੂੰ ਵਧਣ-ਫੁਲਣ ਨਾ ਦਿਤਾ ਜਾਵੇ।ਅਕਬਰ ਦੀ ਨੀਤੀ ਵਿਚ ਇਨਸਾਫ਼ ਅਤੇ ਨਿਰਪੱਖਤਾ ਹੀ ਅਜਿਹੇ ਤੱਤ ਸਨ ਜਿਹਨਾਂ ਨੇ ਕੱਟੜ ਮੁਸਲਮਾਨਾਂ ਨੂੰ ਉਸਦੇ ਵਿਰੁੱਧ ਕਰ ਦਿਤਾ ਸੀ।

ਹਜ਼ਰਤ ਮੁਹੰਮਦ ਸਾਹਿਬ ਵੱਲੋਂ ਚਲਾਏ ਇਸਲਾਮ ਮਤ ਦੇ ਅੰਦਰ ਕੱਟੜਤਾ ਤਾਂ ਸ਼ੁਰੂ ਤੋਂ ਹੀ ਸੀ ਪਰ ਕੁਰਾਨ ਸ਼ਰੀਫ ਦੀ ਪ੍ਰਿਸ਼ਟ-ਭੂਮੀ ਅਤੇ ਵਾਤਾਵਰਨ ਵਿਚੋਂ ਸੂਫ਼ੀ ਮਤ ਵੀ ਵਿਗਸਤ ਹੋ ਗਿਆ ਸੀ।ਦਸਵੀਂ ਸਦੀ ਦੇ ਸ਼ੁਰੂ ਵਿੱਚ ਸੂਫ਼ੀ ਮਤ ਦੀਆਂ ਖੁੱਲ੍ਹੇ ਆਮ ਗੱਲਾਂ ਕਰਨ ਵਾਲੇ ਮਨਸੂਰ ਨੂੰ ਇਸਲਾਮ ਦੀ ਕੱਟੜਤਾ ਨਾਲ ਟੱਕਰ ਲੈਣੀ ਪਈ ਜਿਸ ਦੇ ਨਤੀਜੇ ਦੇ ਤੌਰ ਤੇ ਉਸਨੂੰ ਸੂਲੀ ਉਤੇ ਚੜ੍ਹਨਾ ਪਿਆ।ਇਸ ਟੱਕਰ ਉਪਰੰਤ ਸੂਫ਼ੀਆਂ ਨੇ ਆਪਣੇ ਸਿਧਾਂਤਾਂ ਦੇ ਪਰਚਾਰ ਲਈ ਆਪਣੀ ਪਾਲਿਸੀ ਬਹੁਤ ਹੱਦ ਤਕ ਬਦਲ ਲਈ।ਬੜਾ ਵੱਡਾ ਅਤੇ ਮੁੱਢਲਾ ਸਿਧਾਂਤਕ ਫ਼ਰਕ ਹੋਣ ਦੇ ਬਾਵਜੂਦ ਸੂਫ਼ੀਆਂ ਨੂੰ ਇਸਲਾਮ ਦੇ ਦਾਇਰੇ ਅੰਦਰ ਹੀ ਮੰਨਣਾ ਪੈਂਦਾ ਹੈ ਅਤੇ ਉਹਨਾਂ ਨੂੰ ਕਿਸੇ ਬਿਧ ਇਸਲਾਮ ਵਿਚੋਂ ਕੱਢਣਾ ਵਾਜਬ ਨਹੀਂ ਭਾਸਦਾ।ਸ਼ੇਖ ਮੁਹੱਈਉੱਦੀਨ ਇਬਨਿ-ਅਰਬੀ, ਸ਼ੇਖ ਸ਼ਿਹਾਬੁੱਦੀਨ ਸੁਹਰਾਵਰਦੀ ਆਦਕ ਅਨੇਕਾਂ ਸੂਫ਼ੀ ਬਜ਼ੁਰਗ ਤੇਰ੍ਹਵੀਂ ਸਦੀ ਵਿਚ ਹੋਏ ਜਿਹਨਾਂ ਨੇ ਸੂਫ਼ੀ ਮਤ ਦੀ ਸ਼ਾਨ ਨੂੰ ਚਾਰ ਚੰਨ ਲਾਏ।



Sri Satguru Jagjit Singh Ji eLibrary NamdhariElibrary@gmail.com

ਅਕਬਰ ਦੇ ਮਸ਼ਹੂਰ ਦਰਬਾਰੀ ਅਬੁੱਲ-ਫ਼ਜ਼ਲ (1551-1602) ਨੇ ਆਪਣੀ ਆਈਨੇ-ਅਕਬਰੀ ਵਿਚ ਇਹ ਜ਼ਿਕਰ ਕੀਤਾ ਹੈ ਕਿ ਉਸਦੇ ਸਮੇਂ ਹਿੰਦੁਸਤਾਨ ਵਿਚ ਸੂਫ਼ੀਆਂ ਦੇ ਚੌਦਾਂ ਡੇਰੇ ਅਥਵਾ ਅਖਾੜੇ, ਜਿਹਨਾਂ ਨੂੰ ਸਿਲਸਲਹ ਕਿਹਾ ਜਾਂਦਾ ਸੀ, ਮੌਜੂਦ ਸਨ।ਆਮ ਤੌਰ ਤੇਂ ਖ਼ਿਆਲ ਕੀਤਾ ਜਾਂਦਾ ਹੈ ਕਿ ਇਹਨਾਂ ਅਖਾੜਿਆਂ ਵਿਚ ਅਸੂਲੀ ਮੱਤ-ਭੇਦ ਨਹੀਂ ਸਨ ਅਤੇ ਸਿਰਫ਼ ਸਾਧਨ-ਅੰਤਰ ਹੀ ਇਹਨਾਂ ਨੂੰ ਇਕ ਦੂਜੇ ਨਾਲੋਂ ਵਖਿਆਉਂਦੇ ਸਨ।ਸ਼ੇਖ ਫ਼ਰੀਦ ਜੀ, ਜਿਹਨਾਂ ਦਾ ਪਵਿੱਤਰ ਕਲਾਮ ਗੁਰੂ ਗਰੰਥ ਸਾਹਿਬ ਵਿਚ ਮੌਜੂਦ ਹੈ, ਸੂਫ਼ੀਆਂ ਦੇ ਚਿਸ਼ਤੀ ਸਿਲਸਿਲਹ (ਸਿਲਸਿਲੇ) ਨਾਲ ਸੰਬੰਧਤ ਸਨ।ਹਿੰਦੋਸਤਾਨ ਵਿਚ ਸੁਹਰਾਵਰਦੀ ਸਿਲਸਿਲਹ ਅਤੇ ਚਿਸ਼ਤੀ ਸਿਲਸਿਲਹ ਦੇ ਅਨੇਕਾਂ ਥਾਵਾਂ ਤੇ ਪ੍ਰਸਿਧ ਡੇਰੇ ਸਨ।ਇਸ ਸੂਫ਼ੀ ਮਤ ਨਾਲ ਸ਼ੁਰੂ ਸ਼ੁਰੂ ਵਿਚ ਸਿੱਖ ਮਤ ਦੀ ਚੰਗੀ ਸਾਂਝ ਅਤੇ ਮਿੱਤਰਤਾ ਸੀ।ਪਰ ਉਪਰੋਕਤ ਬਿਆਨ ਕੀਤੇ ਗਏ ਸ਼ੇਖ ਅਹਿਮਦ ਸਰਹੰਦੀ ਮੁਜੱਦਦ ਅਲਫ਼ਥਾਨੀ ਨੇ ਹਿੰਦੋਸਤਾਨ ਦੇ ਸੂਫ਼ੀ ਮਤ ਦੇ ਸਿਧਾਂਤਾਂ ਵਿਚ ਹੀ ਮੁੱਢਲਾ ਫ਼ਰਕ ਨਹੀਂ ਲਿਆਂਦਾ, ਬਲਕਿ, ਇਸਲਾਮ ਵਿਚ ਇਸ ਕਦਰ ਕੱਟੜਤਾ ਵਾੜ ਦਿਤੀ ਕਿ ਸਿੱਖ ਮਤ ਦੇ ਵਾਧੇ ਦੀ ਸਿੱਧੀ ਟੱਕਰ ਇਸਲਾਮ ਅਤੇ ਇਸ ਦੀ ਰਾਜਸ਼ਕਤੀ ਨਾਲ ਆਰੰਭ ਹੋ ਗਈ।ਸੂਫ਼ੀ ਮਤ ਦੇ ਅੱਡ ਅੱਡ ਅਖਾੜਿਆਂ ਵਿਚ ਪਹਿਲਾਂ ਹੀ ਕਈ ਸਾਧਨ-ਅੰਤਰ ਮੌਜੂਦ ਸਨ, ਜਿਵੇਂ ਕਿ ਸੁਹਰਾਵਰਦੀ ਅਖਾੜੇ ਵਾਲਿਆਂ ਦਾ ਵਿਚਾਰ ਸੀ ਕਿ ਗਿਆਨ ਪ੍ਰਾਪਤੀ ਲਈ ਸ਼ਰ੍ਹਾ ਦਾ ਪਾਲਣਾ ਜਾਂ ਮੁਸਲਮਾਨੀ ਰਹਿਤ-ਮਰਯਾਦਾ ਨੂੰ ਪੂਰੀ ਤਰ੍ਹਾਂ ਮੰਨਣਾ ਜ਼ਰੂਰੀ ਹੈ।ਚਿਸ਼ਤੀ ਵਿਦਵਾਨ ਇਸ ਗੱਲ ਨਾਲ ਸਹਿਮਤ ਨਹੀਂ ਸਨ।ਉਹਨਾਂ ਦੇ ਵਿਚਾਰ ਅਨੁਸਾਰ ਗਿਆਨ ਦੀ ਪ੍ਰਾਪਤੀ ਦਾ ਸਹੀ ਰਸਤਾ ਆਪਣੇ ਮਨ ਦੀ ਸ਼ੁਧੀ ਹੈ, ਸ਼ਰ੍ਹਾ ਦੀਆਂ ਬੇੜੀਆਂ ਨਹੀਂ।ਖੋਜ ਕਰਨ ਪੁਰ ਪਰਤੀਤ ਹੁੰਦਾ ਹੈ ਕਿ ਸਿੱਖੀ ਨਾਲ ਹਿੱਤ ਰੱਖਣ ਵਾਲੇ ਹਜ਼ਰਤ ਮੀਆਂ ਮੀਰ ਅਤੇ ਪੀਰ ਬੁਧੂ ਸ਼ਾਹ ਵਰਗੇ ਕੁਰਬਾਨੀ ਦੇ ਪੁਤਲੇ ਚਿਸ਼ਤੀ ਦੇ ਅਖਾੜਿਆਂ ਨਾਲ ਸੰਬੰਧਤ ਸਨ।ਜਿਸ ਜ਼ਮਾਨੇ ਦਾ ਜ਼ਿਕਰ ਕੀਤਾ ਜਾ ਰਿਹਾ ਹੈ ਉਸ ਜ਼ਮਾਨੇ ਵਿਚ ਚਿਸ਼ਤੀ ਅਤੇ ਸੁਹਰਾਵਰਦੀ ਦੋ ਸਿਲਸਿਲੇ ਹੀ ਹਿੰਦੋਸਤਾਨ ਵਿਚ ਜ਼ਿਆਦਾ ਹਾਵੀ ਸਨ।ਇਹ ਸੂਫ਼ੀ ਸਿਲਸਿਲੇ ਦਰਅਸਲ ਇਰਾਨ ਦੀ ਪੈਦਾਵਾਰ ਸਨ ਅਤੇ ਸ਼ਾਂਤੀ ਪੂਰਬਕ ਪਰਚਾਰ ਦੇ ਹਾਮੀ ਸਨ।

ਅਕਬਰ ਦੇ ਜੀਵਨ ਦੇ ਅੰਤਲੇ ਸਾਲਾਂ ਵਿਚ ਇਕ ਹੋਰ ਨਵਾਂ ਸੂਫ਼ੀ ਸਿਲਸਿਲਾ ਹਿੰਦੋਸਤਾਨ ਵਿਚ ਆ ਪੁੱਜਾ, ਜੋ ਤੂਰਾਨ ਦੀ ਪੈਦਾਵਾਰ ਸੀ ਅਤੇ ਜਿਸ ਨੂੰ ਖ਼ਵਾਜਾ ਮੁਹੰਮਦ ਬਾਕੀਬਿਲਾ ਹਿੰਦੋਸਤਾਨ ਵਿਚ ਲੈ ਕੇ ਆਇਆ ਸੀ।ਇਸ ਸਿਲਸਲੇ ਦਾ ਨਾਮ ਨਕਸ਼ਬੰਦੀ ਕਰਕੇ ਜਾਣਿਆ ਜਾਂਦਾ ਹੈ।ਖ਼ਵਾਜਾ ਬਾਕੀਬਿਲਾ ਸੰਨ 1564 ਵਿਚ ਕਾਬਲ ਵਿਚ ਜੰਮਿਆ ਸੀ।ਉਸਨੇ ਅਨੇਕਾਂ ਇਸਲਾਮੀ ਤੀਰਥਾਂ ਉਤੇ ਗਿਆਨ ਪ੍ਰਾਪਤੀ



Sri Satguru Jagjit Singh Ji eLibrary NamdhariElibrary@gmail.com

ਲਈ ਰਟਨ ਕੀਤਾ ਤੇ ਕਈ ਸੂਫ਼ੀ ਫ਼ਕੀਰਾਂ ਨਾਲ ਸਬੰਧ ਬਣਾਏ।ਨਕਸ਼ਬੰਦੀ ਅਖਾੜੇ ਦੇ ਖਵਾਜਾ ਅੰਮਕੰਗੀ ਨਾਲ ਬੁਖਾਰੇ ਵਿਖੇ ਸਬੰਧ ਬਣਾਇਆ, ਜਿਸਨੇ ਖਵਾਜਾ ਬਾਕੀਬਿਲਾ ਨੂੰ ਹਿੰਦੋਸਤਾਨ ਵਿਚ ਆਪਣੇ ਮਤ ਦਾ ਪਰਚਾਰ ਕਰਨ ਹਿੱਤ ਆਦੇਸ਼ ਦਿਤਾ।ਇਸ ਮੁਤਾਬਕ ਪੰਜ-ਛੇ ਸਾਲ ਹਿੰਦੋਸਤਾਨ ਵਿਚ ਆਪਣੇ ਮਤ ਦਾ ਪਰਚਾਰ ਕਰਨ ਪਿਛੋਂ ਸੰਨ 1603 ਵਿਚ ਉਹ ਦਿੱਲੀ ਵਿੱਚ ਚੜ੍ਹਾਈ ਕਰ ਗਿਆ।ਖ਼ਵਾਜਾ ਬਾਕੀਬਿਲਾ ਇਸ ਸਿਧਾਂਤ ਦਾ ਕਾਇਲ ਸੀ ਕਿ ਧਰਮ ਪਰਚਾਰ ਲਈ ਰਾਜ ਸ਼ਕਤੀ ਨੂੰ ਵਰਤਣਾ ਬਹੁਤ ਜ਼ਰੂਰੀ ਹੈ।ਬਾਦਸ਼ਾਹਾਂ ਅਤੇ ਨਵਾਬਾਂ ਨਾਲ ਤਾਲਮੇਲ ਰੱਖ ਕੇ ਰਾਜ-ਸ਼ਕਤੀ ਨੂੰ ਇਸਲਾਮ ਦੇ ਵਾਧੇ ਲਈ ਵਰਤਣਾ ਇਸਦੀ ਵਿਚਾਰਧਾਰਾ ਮੁਤਾਬਿਕ ਬੜਾ ਜ਼ਰੂਰੀ ਸੀ।ਉਸਦੀ ਇਹ ਰੁਚੀ ਅਤੇ ਇਹ ਵਿਸ਼ੇਸ਼ ਵਿਚਾਰਧਾਰਾ ਉਸ ਵੱਲੋਂ ਲਿਖੀਆਂ ਗਈਆਂ ਉਹਨਾਂ ਚਿੱਠੀਆਂ ਤੋਂ ਵੀ ਸਪੱਸ਼ਟ ਹੋ ਜਾਂਦੀ ਹੈ, ਜੋ ਉਸ ਨੇ ਸ਼ੇਖ ਫ਼ਰੀਦ ਬੁਖ਼ਾਰੀ, ਜੋ ਮਗਰੋਂ ਜਾ ਕੇ ਨਵਾਬ ਮੁਰਤਜ਼ਾ ਖ਼ਾਨ ਕਰਕੇ ਪ੍ਰਸਿੱਧ ਹੋਇਆ, ਨੂੰ ਲਿਖੀਆਂ ਸਨ।ਸ਼ੇਖ ਅਹਿਮਦ ਸਰਹੰਦੀ ਮੁਜੱਦਦ ਅਲਫ਼ਥਾਨੀ 1561 ਵਿਚ ਸਰਹੰਦ ਵਿਖੇ ਸ਼ੇਖ ਅਬਦੁਲ ਅਹਦ ਦੇ ਘਰ ਪੈਦਾ ਹੋਇਆ।ਇਸ ਨੇ ਜ਼ਮਾਨੇ ਦੇ ਬੜੇ ਮਸ਼ਹੂਰ ਮੁਸਲਿਮ ਵਿਦਵਾਨਾਂ ਕੋਲੋਂ ਤਾਲੀਮ ਹਾਸਲ ਕੀਤੀ।ਸੰਨ 1599 ਵਿਚ ਹੱਜ ਜਾਣ ਸਮੇਂ ਇਹ ਦਿੱਲੀ ਵਿਚ ਉਪਰੋਕਤ ਬਿਆਨ ਕੀਤੇ ਗਏ ਖ਼ਵਾਜਾ ਬਾਕੀਬਿਲਾ ਨੂੰ ਮਿਲਿਆ ਅਤੇ ਉਸਦਾ ਪੱਕਾ ਸੇਵਕ ਬਣ ਗਿਆ।ਬਾਕੀਬਿਲੇ ਨੇ ਸ਼ੇਖ ਅਹਿਮਦ ਸਰਹੰਦੀ ਨੂੰ ਸਰਹੰਦ ਵਿਖੇ ਇਸਲਾਮ ਦੇ ਪਰਚਾਰ ਦਾ ਕੇਂਦਰ ਬਣਾ ਕੇ ਆਪਣੀਆਂ ਸਰਗਰਮੀਆਂ ਨੂੰ ਤੇਜ਼ ਕਰਨ ਦੀ ਵਿਉਂਤ ਦੱਸੀ।ਖ਼ਵਾਜਾ ਬਾਕੀਬਿਲਾ ਸ਼ੇਖ ਅਹਿਮਦ ਦੀ ਤੀਖਣ ਬੁੱਧੀ ਅਤੇ ਹਰ ਕਿਸੇ ਨੂੰ ਪਰਭਾਵਤ ਕਰ ਸਕਣ ਦੀ ਲਾਸਾਨੀ ਕਾਬਲੀਅਤ ਦਾ ਬੜਾ ਕਾਇਲ ਸੀ।ਅਕਬਰ ਦੇ ਜੀਵਨ ਦੇ ਅੰਤਲੇ ਸਮੇਂ ਵਿਚ ਸ਼ੇਖ ਫ਼ਰੀਦ ਬੁਖਾਰੀ ਸਭ ਨਾਲੋਂ ਵੱਧ ਤਕੜੀ ਮਜ਼ਬੂਤ ਅਤੇ ਪਰਭਾਵਸ਼ਾਲੀ ਦਰਬਾਰੀ ਦੀ ਸ਼ਕਲ ਅਖਤਿਆਰ ਕਰ ਚੁਕਾ ਸੀ।ਬਾਕੀਬਿਲੇ ਦਾ ਸ਼ਰਧਾਲੂ ਹੋਣ ਕਾਰਨ ਕੁਦਰਤੀ ਤੌਰ ਤੇ ਇਹ ਸ਼ੇਖ ਅਹਿਮਦ ਸਰਹੰਦੀ ਦਾ ਭੀ ਪੁੱਜ ਕੇ ਸ਼ਰਧਾਲੂ ਸੀ।

ਜਹਾਂਗੀਰ, ਅਕਬਰ ਦੇ ਘਰ 30 ਅਗਸਤ 1561 ਵਿਚ ਪੈਦਾ ਹੋਇਆ।ਜਿਉਂ ਜਿਉਂ ਜਵਾਨ ਹੋਇਆ, ਹਿੰਦੋਸਤਾਨ ਦੇ ਤਖ਼ਤ ਉਤੇ ਬੈਠਣ ਦੀ ਲਾਲਸਾ ਇਸ ਦੇ ਮਨ ਵਿਚ ਵਧਦੀ ਹੀ ਗਈ।ਉਧਰ ਅਕਬਰ ਨੇ ਵੀ ਕਮਾਲ ਕਰ ਦਿਤਾ।ਉਹ ਮਰਨ ਵਿਚ ਹੀ ਨਹੀਂ ਸੀ ਆ ਰਿਹਾ।ਅਕਬਰ ਨੇ ਰਾਜ ਵੀ ਤਾਂ ਕੋਈ ਥੋੜ੍ਹਾ ਅਰਸਾ ਨਹੀਂ ਕੀਤਾ ਸੀ।ਉਸਦੇ ਰਾਜ ਕਰਨ ਦਾ ਸਮਾਂ ਪੰਜ ਦਹਾਕਿਆਂ ਤੋਂ ਕੇਵਲ ਇਕ ਸਾਲ ਘੱਟ ਸੀ।ਜਹਾਂਗੀਰ ਦੁਖੀ ਸੀ ਅਤੇ ਚਾਹੁੰਦਾ ਸੀ ਕਿ ਉਸਦਾ ਪਿਤਾ ਛੇਤੀ ਮਰੇ ਅਤੇ ਉਹ



Sri Satguru Jagjit Singh Ji eLibrary NamdhariElibrary@gmail.com

ਗੱਦੀ ਉਤੇ ਬੈਠੇ।ਵੈਸੇ ਵੀ ਇਹ ਆਮ ਦਰਬਾਰੀਆਂ ਨੂੰ ਪਤਾ ਲੱਗ ਚੁਕਾ ਸੀ ਕਿ ਜਹਾਂਗੀਰ ਦੀਆਂ ਆਦਤਾਂ ਅਤੇ ਵਿਚਾਰ ਅਕਬਰ ਨੂੰ ਪਸੰਦ ਨਹੀਂ ਸਨ, ਜਿਸ ਕਾਰਨ ਅਕਬਰ ਆਪਣਾ ਤਖ਼ਤ ਜਹਾਂਗੀਰ ਨੂੰ ਦੇਣ ਦੀ ਥਾਂ ਆਪਣੇ ਹਮ-ਖ਼ਿਆਲੇ ਪੋਤਰੇ ਖੁਸਰੋ, ਜੋ ਜਹਾਂਗੀਰ ਦਾ ਪੁੱਤਰ ਸੀ, ਨੂੰ ਦੇਣਾ ਚਾਹੁੰਦਾ ਸੀ।

ਕਿਹਾ ਜਾਂਦਾ ਹੈ ਕਿ ਜਹਾਂਗੀਰ ਨੇ ਆਪਣੇ ਪਿਉ ਦਾ ਛੇਤੀ ਭੋਗ ਪਾਉਣ ਲਈ ਉਸਨੂੰ ਸੰਨ 1591 ਵਿਚ ਜ਼ਹਿਰ ਦੀ ਦਿਵਾ ਦਿਤਾ ਸੀ, ਪਰ ਕੁਝ ਅਰਸਾ ਬੀਮਾਰ ਰਹਿ ਕੇ ਅਕਬਰ ਬਚ ਹੀ ਗਿਆ।1601 ਵਿਚ ਜਹਾਂਗੀਰ ਨੇ ਬਗ਼ਾਵਤ ਵੀ ਕੀਤੀ ਪਰ ਕਾਮਯਾਬ ਨਾ ਹੋਇਆ।ਜਹਾਂਗੀਰ ਨੇ ਨੀਤੀ ਵਰਤਦਿਆਂ ਹੋਇਆਂ ਆਪਣੇ ਪਿਉ ਨਾਲ 1604 ਵਿਚ ਉਪਰੋਂ ਉਪਰੋਂ ਸਮਝੌਤਾ ਕਰ ਲਿਆ।ਜਹਾਂਗੀਰ ਦੇ ਮਨ ਵਿਚ ਇਹ ਤੌਖਲਾ ਫਿਰ ਵੀ ਕਾਇਮ ਰਿਹਾ ਕਿ ਮਤਾਂ ਅਕਬਰ ਦੇ ਮਰਨ ਪਿਛੋਂ ਖੁਸਰੋ ਤਖ਼ਤ ਕਾਬੂ ਕਰ ਲੈਣ ਵਿਚ ਕਾਮਯਾਬ ਨਾ ਹੋ ਜਾਵੇ।ਇਸ ਲਈ ਉਹ ਬੜੀ ਦੂਰ ਦੀ ਸੋਚ ਕੇ ਗੰਢ-ਤਰੁਪ ਕਰ ਰਿਹਾ ਸੀ।ਜਹਾਂਗੀਰ ਨਾ ਤਾਂ ਕੱਟੜ ਮੁਸਲਮਾਨ ਸੀ ਤੇ ਨਾ ਹੀ ਇਸਲਾਮ ਨਾਲ ਉਸਦਾ ਕੋਈ ਬਹੁਤਾ ਵਾਸਤਾ ਹੀ ਸੀ।ਉਸਦਾ ਇਕ ਮਾਤਰ ਨਿਸ਼ਾਨਾ ਹਿੰਦੋਸਤਾਨ ਦਾ ਤਖ਼ਤ ਹਾਸਲ ਕਰਨਾ ਹੀ ਸੀ।ਰਾਜ ਦਰਬਾਰ ਦੇ ਜਿਸ ਜਿਸ ਧੜੇ ਨੂੰ ਉਹ ਨਾਲ ਲੈ ਸਕਦਾ ਸੀ, ਉਹ ਹਰ ਪ੍ਰਕਾਰ ਗੰਢ-ਤਰੁਪ ਕਰਕੇ ਨਾਲ ਲੈਣ ਦਾ ਜਤਨ ਕਰਨਾ ਚਾਹੁੰਦਾ ਸੀ।

ਨਕਸ਼ਬੰਦੀ ਆਗੂ ਸ਼ੇਖ ਅਹਿਮਦ ਸਰਹੰਦੀ ਦਾ ਪ੍ਰਭਾਵ, ਜਿਵੇਂ ਕਿ ਉਪਰ ਬਿਆਨ ਕੀਤਾ ਜਾ ਚੁਕਾ ਹੈ, ਅਕਬਰ ਦੇ ਕਈ ਦਰਬਾਰੀਆਂ ਉਤੇ ਬਹੁਤ ਪੈ ਚੁਕਾ ਸੀ, ਅਤੇ ਦਿਨ ਰਾਤ ਵਾਧੇ ਤੇ ਸੀ।ਕੱਟੜ ਮੁਸਲਮਾਨ, ਅਕਬਰ ਦੀ ਨਿਰਪੱਖਤਾ ਦੀ ਨੀਤੀ ਨਾਲ ਉੱਕੇ ਹੀ ਸਹਿਮਤ ਨਹੀਂ ਸਨ।ਉਸੇ ਨੀਤੀ ਉਤੇ ਚੱਲਣ ਵਾਲਾ ਸ਼ਹਿਜ਼ਾਦਾ ਖੁਸਰੋ ਵੀ ਉਹਨਾਂ ਨੂੰ ਕਿਵੇਂ ਪਸੰਦ ਆ ਸਕਦਾ ਸੀ? ਜਹਾਂਗੀਰ ਦੇ ਆਪਣੇ ਨਿਜੀ ਖਿਆਲਾਤ ਭਾਵੇਂ ਕੈਸੇ ਹੀ ਹੋਣ, ਉਹ ਇਸ ਗੱਲ ਨੂੰ ਭਲੀ ਭਾਂਤ ਸਮਝ ਚੁਕਾ ਸੀ, ਕਿ ਇਸ ਭਾਂਤ ਦੇ ਕੱਟੜ ਤੇ ਮੁਤੱਅਸਬੀ ਮੁਸਲਮਾਨਾਂ ਨੂੰ ਆਪਣੀ ਕੱਟੜ ਮੁਸਲਿਮ ਨੀਤੀ ਲਾਗੂ ਕਰਨ ਦਾ ਭਰੋਸਾ ਦੇ ਕੇ ਸਹਾਇਤਾ ਲਈ ਗੰਢਿਆ ਜਾ ਸਕਦਾ ਹੈ।ਸ਼ਾਹੀ ਦਰਬਾਰੀਆਂ ਵਿਚ ਅਜਿਹੇ ਸਮੂਹ ਮੁਸਲਮਾਨਾਂ ਵਿਚੋਂ ਪ੍ਰਭਾਵਸ਼ਾਲੀ ਵਿਅਕਤੀ ਸ਼ੇਖ ਬੁਖਾਰੀ, ਮੁਰਤਜ਼ਾ ਖ਼ਾਨ ਹੀ ਸੀ, ਜਿਸ ਦੀਆਂ ਸਮੂਹ ਗਤੀ-ਵਿਧੀਆਂ ਜਾਂ ਸਰਗਰਮੀਆਂ ਦਾ ਸੰਚਾਲਕ ਸ਼ੇਖ ਅਹਿਮਦ ਸਰਹੰਦੀ ਸੀ।

ਆਪਣੀ ਪੁਜ਼ੀਸ਼ਨ ਨੂੰ ਮਜ਼ਬੂਤ ਬਣਾਉਣ ਲਈ ਜਹਾਂਗੀਰ ਕਿਤਨਾ ਫ਼ਿਕਰਮੰਦ ਸੀ, ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ, ਕਿ ਉਸ ਨੇ ਗੋਆ



Sri Satguru Jagjit Singh Ji eLibrary NamdhariElibrary@gmail.com

ਤੋਂ ਆਏ ਈਸਾਈ ਪਾਦਰੀਆਂ ਨੂੰ ਭੀ ਕੁਝ ਝਾਂਸੇ ਦੇ ਕੇ ਆਪਣਾ ਪੱਖੀ ਬਣਾ ਲਿਆ ਸੀ।ਇਹਨਾਂ ਪਾਦਰੀਆਂ ਨੂੰ ਉਹ ਇਸ ਹੱਦ ਤਕ ਚਕਮਾ ਦੇ ਗਿਆ ਸੀ, ਕਿ ਇਹ ਪਾਦਰੀ ਮਹਿਸੂਸ ਕਰਨ ਲੱਗ ਗਏ ਸਨ, ਕਿ ਜਹਾਂਗੀਰ ਮਨੋਂ ਈਸਾਈ ਹੈ, ਤੇ ਛੇਤੀ ਤਖ਼ਤ ਪਰ ਬੈਠਣ ਤੇ ਪ੍ਰਗਟ ਤੌਰ ਤੇ ਈਸਾਈ ਮਤ ਵਿਚ ਸ਼ਾਮਲ ਹੋ ਜਾਵੇਗਾ।ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈਥ ਨੇ ਵਪਾਰ ਦੇ ਬਹਾਨੇ ਆਪਣੇ ਬੰਦੇ ਹਿੰਦ ਵਿਚ ਘੱਲੇ ਸਨ, ਜੋ ਲਾਹੌਰ ਆਏ ਤੇ ਫਿਰ ਆਗਰੇ ਵੀ ਪੁੱਜੇ।ਅਕਬਰ ਇਹਨਾਂ ਨੂੰ ਪੁਰਤਗੇਜ਼ਾਂ ਦੀ ਚੁੱਕਣਾ ਤੇ ਟਰਕਾਉਣਾ ਚਾਹੁੰਦਾ ਸੀ, ਪਰ ਕਿਸੇ ਔਖੇ ਸਮੇਂ ਉਹਨਾਂ ਤੋਂ ਮਦਦ ਲੈਣ ਦੀ ਗੱਲ ਸੋਚ ਕੇ ਇਹਨਾਂ ਨੂੰ ਉਸ ਨੇ ਤਿਜ਼ਾਰਤ ਕਰਨ ਦੀ ਇਜਾਜ਼ਤ ਲੈ ਦਿਤੀ।

ਸ਼ੇਖ ਅਹਿਮਦ ਸਰਹੰਦੀ ਦੀਆਂ ਸਮੂਹ ਸਰਗਰਮੀਆਂ, ਕਾਰਗੁਜ਼ਾਰੀਆਂ, ਨਿਸ਼ਾਨਿਆਂ, ਰੁਚੀਆਂ ਅਤੇ ਗੁਰੂ ਅਰਜਨ ਦੇਵ ਪਾਤਸ਼ਾਹ ਦੀ ਸ਼ਹਾਦਤ ਕਰਵਾਉਣ ਵਿਚ ਨਿਭਾਏ ਰੋਲ ਨੂੰ ਚੰਗੀ ਤਰ੍ਹਾਂ ਸਮਝਣ ਸਮਝਾਉਣ ਲਈ ਸ਼ੇਖ ਅਹਿਮਦ ਦੇ ਇਕ ਪਤਰਕਾ-ਸੰਗ੍ਰਹਿ "ਮਕਤੂਬਾਤਿ-ਇਮਾਮਿ-ਰਬਾਨੀ" ਵਿਚੋਂ ਕੁਝ ਹਵਾਲੇ ਲਾਹੇਵੰਦੇ ਹੋਣਗੇ।

ਉਸ ਦੀ ਇਕ ਚਿੱਠੀ ਵਿਚ ਅੰਕਤ ਹੈ ਕਿ ਹਿੰਦੋਸਤਾਨ ਵਿਚ ਗਊ-ਬੱਧ ਨਾਲੋਂ ਹੋਰ ਕੋਈ ਉਚੇਰਾ ਇਸਲਾਮੀ ਫ਼ਰਜ਼ ਸੇਵਾ ਤੇ ਪੁੰਨ ਦਾ ਕੰਮ ਨਹੀਂ, ਕਿਉਂਕਿ ਇਸ ਹਰਕਤ ਨਾਲ ਹਿੰਦੂਆਂ ਨੂੰ ਜ਼ਲੀਲ ਤੇ ਉਤਸ਼ਾਹ-ਹੀਣਾ ਬਣਾਇਆ ਜਾ ਸਕਦਾ ਹੈ।

ਉਸ ਦੀ ਇਕ ਚਿਠੀ ਇਹ ਅੰਕਤ ਕਰਦੀ ਹੈ, ਕਿ ਇਸਲਾਮ ਦੀ ਸ਼ੋਭਾ ਤੇ ਇੱਜ਼ਤ ਇਸੇ ਵਿਚ ਹੈ ਕਿ ਕਾਫ਼ਰਾਂ ਨੂੰ ਖ਼ੁਆਰ ਕੀਤਾ ਜਾਏ।ਜੋ ਵੀ ਕੁਫਰ ਨਾਲ ਭਰੱਪਣ ਦੀ ਭਾਵਨਾ ਰਖਦਾ ਹੈ, ਉਹ ਇਸਲਾਮ ਦੇ ਵਾਧੇ ਵਿਚ ਵਿਘਨ ਪਾਉਂਦਾ ਹੈ।ਕਾਫ਼ਰਾਂ ਨਾਲ ਪਿਆਰ ਕਰਨ ਜਾਂ ਭਰੱਪਣ ਦੀ ਭਾਵਨਾ ਰੱਖਣ ਤੋਂ ਮੁਰਾਦ ਕੇਵਲ ਇਹਨਾਂ ਦੇ ਸਤਕਾਰ ਕਰਨ ਅਥਵਾ ਇੱਜ਼ਤ ਦੇਣ ਤੋਂ ਹੀ ਨਹੀਂ ਹੈ, ਬਲਕਿ ਕਾਫ਼ਰਾਂ ਨੂੰ ਆਪਣੀ ਸਭਾ ਸੁਸਾਇਟੀ ਵਿਚ ਸ਼ਾਮਲ ਕਰਨਾ, ਆਪਣੇ ਨਾਲ ਬਿਠਾਣਾ ਅਤੇ ਇਹਨਾਂ ਨਾਲ ਗੱਲ ਬਾਤ ਕਰਨਾ ਭੀ, ਇਕ ਤਰ੍ਹਾਂ ਇਹਨਾਂ ਦੀ ਇੱਜ਼ਤ ਕਰਨ ਤੁੱਲ ਹੈ, ਜੋ ਨਹੀਂ ਹੋਣੀ ਚਾਹੀਦੀ।ਸੱਚ ਤਾਂ ਇਹ ਹੈ, ਕਿ ਇਹਨਾਂ ਹਿੰਦੂਆਂ ਨੂੰ ਕੁੱਤਿਆਂ ਦੀ ਤਰ੍ਹਾਂ ਦੂਰੇ ਦੂਰੇ ਕਰਨੀ ਚਾਹੀਦੀ ਹੈ।

ਸ਼ੇਖ ਫ਼ਰੀਦ ਬੁਖਾਰੀ ਨੂੰ ਇਕ ਚਿੱਠੀ ਵਿਚ ਸ਼ੇਖ ਅਹਿਮਦ ਲਿਖਦਾ ਹੈ ਕਿ ਮੇਰੀ ਇਹ ਬੜੀ ਤੀਬਰ ਖ਼ਾਹਿਸ਼ ਹੈ, ਕਿ ਹਿੰਦੂਆਂ ਨਾਲ, ਜੋ ਕਿ ਖ਼ੁਦਾ ਅਤੇ ਪੈਗੰਬਰ ਦੇ ਦੁਸ਼ਮਣ ਹਨ, ਰੱਜ ਕੇ ਧੱਕਾ ਕੀਤਾ ਜਾਵੇ।ਇਹਨਾਂ ਦਾ ਭਰਵਾਂ ਨਿਰਾਦਰ



Sri Satguru Jagjit Singh Ji eLibrary NamdhariElibrary@gmail.com

ਅਤੇ ਦੂਰੇ ਦੂਰੇ ਹੋਣੀ ਚਾਹੀਦੀ ਹੈ।ਇਹਨਾਂ ਬਦਕਿਸਮਤ ਬੰਦਿਆਂ ਦੀ ਨਿਤ ਹੀ ਬੇ-ਇੱਜ਼ਤੀ ਕੀਤੀ ਜਾਣੀ ਚਾਹੀਦੀ ਹੈ।ਰੱਬ ਨੂੰ ਖੁਸ਼ ਕਰਨ ਦਾ ਇਸ ਤੋਂ ਵੱਧ ਹੋਰ ਕੋਈ ਸੌਖਾ ਤਰੀਕਾ ਨਹੀਂ···ਇਹ ਗੱਲ ਦ੍ਰਿੜ੍ਹਤਾ ਨਾਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ।

ਸ਼ੇਖ ਫ਼ਰੀਦ ਬੁਖਾਰੀ ਨੂੰ ਕਾਂਗੜੇ ਉਤੇ ਹਮਲਾ ਕਰਨ ਦੀ ਤਿਆਰੀ ਸਮੇਂ ਇਕ ਪੱਤਰ ਸ਼ੇਖ ਅਹਿਮਦ ਨੇ ਲਿਖਿਆ, ਜਿਸ ਵਿਚ ਉਸ ਨੇ ਸਪੱਸ਼ਟ ਹੀ ਆਪਣੀ ਮੁਤੱਅਸਬੀ ਨੀਤੀ ਦਾ ਪ੍ਰਗਟਾਵਾ ਕੀਤਾ।ਉਸ ਨੇ ਸਪੱਸ਼ਟ ਲ਼ਿਖਿਆ, ਕਿ ਕਾਂਗੜੇ ਦੇ ਮੰਦਰਾਂ ਦੀਆਂ ਮੂਰਤੀਆਂ, ਜੋ ਬਿਨਾਂ ਮਤਲਬ ਦੇ ਖ਼ੁਦਾ ਬਣੀਆਂ ਪਈਆਂ ਹਨ, ਦੀ ਵੱਧ ਤੋਂ ਵੱਧ ਨਿਰਾਦਰੀ ਅਤੇ ਭਰਿਸ਼ਟਤਾ ਕਰਨੀ ਚਾਹੀਦੀ ਹੈ।ਇਹਨਾਂ ਝੂਠੇ ਖ਼ੁਦਾਵਾਂ ਨੂੰ ਮੰਨਣ ਵਾਲੇ ਹਿੰਦੂਆਂ ਨੂੰ ਪੂਰੀ ਤਰ੍ਹਾਂ ਬਰਬਾਦ ਕਰਨਾ ਚਾਹੀਦਾ ਹੈ।ਸਰੀਰਕ ਕਮਜ਼ੋਰੀ ਅਤੇ ਸਰਦੀ ਰੁਕਾਵਟ ਬਣੀ ਪਈ ਹੈ, ਨਹੀਂ ਤੇ ਇਹ ਫ਼ਕੀਰ ਖ਼ੁਦ ਹਾਜ਼ਰ ਹੋ ਕੇ ਇਹਨਾਂ ਪੱਥਰਾਂ ਦੀਆਂ ਮੂਰਤੀਆਂ ਉਤੇ ਥੁਕਦਾ ਅਤੇ ਇਸ ਨੂੰ ਮਹਾਨ ਪਵਿੱਤਰ ਤੇ ਧਰਮ ਦਾ ਕੰਮ ਸਮਝਦਾ।

ਸ਼ੇਖ ਫ਼ਰੀਦ ਬੁਖਾਰੀ ਨੂੰ ਇਕ ਹੋਰ ਚਿੱਠੀ ਵਿਚ ਇਉਂ ਲਿਖਿਆ ਗਿਆ ਕਿ ਇਸਲਾਮ ਦੀ ਇੱਜ਼ਤ ਕੁਫ਼ਰ ਨੂੰ ਖੁਆਰ ਕਰਨ ਵਿਚ ਹੈ।ਜਜ਼ੀਆ ਟੈਕਸ ਤੋਂ ਮੁਰਾਦ ਇਹੋ ਹੈ ਕਿ ਗ਼ੈਰ-ਮੁਸਲਮਾਨਾਂ ਨੂੰ ਜ਼ਲੀਲ ਅਤੇ ਬੇਇੱਜ਼ਤ ਕੀਤਾ ਜਾਵੇ।ਜੇ ਕਾਫ਼ਰਾਂ ਨੂੰ ਥੋੜ੍ਹਾ ਜਿੰਨਾ ਵੀ ਹੱਕ ਦਿਤਾ ਜਾਵੇ, ਤਾਂ ਇਸ ਨਾਲ ਇਸਲਾਮ ਦੀ ਹਾਨੀ ਹੁੰਦੀ ਹੈ।ਇਸ ਮੁਢਲੇ ਅਸੂਲ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ।ਲੋਕ ਆਮ ਤੌਰ ਤੇ ਇਸ ਮੁਢਲੀ ਹਕੀਕਤ ਨੂੰ ਨਜ਼ਰ ਅੰਦਾਜ਼ ਕਰ ਰਹੇ ਹਨ ਅਤੇ ਇਸ ਤਰ੍ਹਾਂ ਉਹ ਇਸਲਾਮ ਦੀ ਹਾਨੀ ਕਰ ਰਹੇ ਹਨ (ਅਕਬਰ ਦੀ ਪਾਲਿਸੀ ਵੱਲ ਇਸ਼ਾਰਾ ਹੈ)।

ਇਕ ਹੋਰ ਚਿੱਠੀ ਐਉਂ ਅੰਕਤ ਕਰਦੀ ਹੈ···"ਇਸ ਦੇਸ਼ ਵਿਚ ਹਿੰਦੂਆਂ ਕਾਫ਼ਰਾਂ ਪਾਸੋਂ ਜਜ਼ੀਆ ਲੈਣਾ ਬੰਦ ਕੀਤਾ ਗਿਆ ਹੈ, ਇਸਦੀ ਵਜ੍ਹਾ ਸਿਰਫ ਇਹ ਹੈ ਕਿ ਸ਼ਾਹੀ ਦਰਬਾਰ ਵਿਚ ਹਿੰਦੂਆਂ ਨੂੰ ਮਾਣ ਮਿਲਣ ਲੱਗ ਪਿਆ ਹੈ (ਅਕਬਰ ਦੀ ਨੀਤੀ ਤੋਂ ਬਹੁਤ ਪਰੇਸ਼ਾਨ ਹੈ)।"

ਇਕ ਹੋਰ ਚਿੱਠੀ ਸ਼ੇਖ ਨੇ ਇਕ ਆਪਣੇ ਹਿੰਦੂ ਸੇਵਕ ਹਿਰਦੇ ਰਾਮ ਨੂੰ ਲਿਖ ਕੇ ਵਾਹ ਵਾਹ ਕਮਾਲ ਦਾ ਰੰਗ ਬੱਧਾ ਹੈ···"ਰਾਮ ਕ੍ਰਿਸ਼ਨ ਆਦਿ ਜਿਨ੍ਹਾਂ ਨੂੰ ਹਿੰਦੂ ਪੂਜਯ ਮੰਨਦੇ ਹਨ, ਰੱਬ ਦੀ ਕਮੀਨੀ ਮਖ਼ਲੂਕ ਹਨ।ਅਕਲ ਤੋਂ ਕੰਮ ਲੈਣਾ ਚਾਹੀਦਾ ਹੈ ਤੇ ਆਪਣੇ ਪੁਰਖਿਆਂ ਦੇ ਮਗਰ ਨਹੀਂ ਲੱਗਣਾ ਚਾਹੀਦਾ।ਸ਼ਰਮ ਦੀ ਗੱਲ ਹੈ ਕਿ ਕੋਈ ਸਾਰੀ ਸ੍ਰਿਸ਼ਟੀ ਦੇ ਕਰਤਾ ਨੂੰ ਰਾਮ ਤੇ ਕ੍ਰਿਸ਼ਨ ਦੇ ਨਾਮ ਨਾਲ ਸੰਬੋਧਨ ਕਰੇ।ਇਹ ਗੱਲ ਤਾਂ ਇਉਂ ਹੈ ਜਿਵੇਂ ਕੋਈ ਕਿਸੇ ਆਲਮਗੀਰ ਬਾਦਸ਼ਾਹ ਨੂੰ ਚੂਹੜਾ



Sri Satguru Jagjit Singh Ji eLibrary NamdhariElibrary@gmail.com

ਕਹਿ ਕੇ ਸਤਕਾਰ ਹੁੰਦਾ ਮੰਨੇ।ਰਾਮ ਤੇ ਰਹਿਮਾਨ ਨੂੰ ਇਕੋ ਮੰਨਣਾ ਬੇਵਕੂਫੀ ਹੈ।"

ਉਪਰ ਅੰਕਤ ਬਿਆਨਾਂ ਵਿਚ ਸ਼ੇਖ ਅਹਿਮਦ ਸਰਹੰਦੀ ਦੀਆਂ ਰੁਚੀਆਂ, ਖ਼ਿਆਲਾਂ ਅਤੇ ਨਿਸ਼ਾਨਿਆਂ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ।ਉਹ ਸਾਰੇ ਹਿੰਦ ਅੰਦਰ ਇਕ-ਛਤਰ ਇਸਲਾਮ ਦਾ ਬੋਲਬਾਲਾ ਚਾਹੁੰਦਾ ਸੀ।ਇਸਲਾਮ ਦੇ ਵਾਧੇ ਲਈ ਤਾਕਤ ਦੀ ਵਰਤੋਂ ਤੇ ਰਾਜ-ਸ਼ਕਤੀ ਦੀ ਵਰਤੋਂ ਨੂੰ ਆਪਣੇ ਮੱਤ ਅਨੁਕੂਲ ਤੇ ਜਾਇਜ਼ ਸਮਝਦਾ ਸੀ।ਉਹ ਅਕਬਰ ਦੀ ਰਾਜਨੀਤੀ ਤੋਂ ਬੇਹੱਦ ਪਰੇਸ਼ਾਨ ਸੀ, ਕਿਉਂਕਿ ਅਕਬਰ ਨਿਰਪਖਤਾ ਦੇ ਅਸੂਲਾਂ ਉਤੇ ਚੱਲ ਰਿਹਾ ਸੀ, ਤੇ ਆਪਣੀ ਰਾਜਸੀ ਤਾਕਤ ਦੇ ਧੱਕੇ ਨਾਲ ਇਸਲਾਮ ਦਾ ਪ੍ਰਚਾਰ ਕਰਨ ਦੇ ਖ਼ਿਲਾਫ਼ ਸੀ।ਜਿਥੇ ਜਹਾਂਗੀਰ ਬੜੀ ਤੀਬਰਤਾ ਨਾਲ ਅਕਬਰ ਦੀ ਮੌਤ ਨੂੰ ਉਡੀਕ ਰਿਹਾ ਸੀ, ਉਥੇ ਸ਼ੇਖ ਅਹਿਮਦ ਵੀ ਦੂਰ ਦੀ ਸੋਚ ਕੇ ਕਈ ਗੋਂਦਾਂ ਗੁੰਦ ਰਿਹਾ ਸੀ।1604 ਵਿਚ ਜਹਾਂਗੀਰ ਦਾ ਆਪਣੇ ਬਾਪ ਨਾਲ ਕੁਝ ਸਮਝੌਤਾ ਵੀ ਹੋ ਗਿਆ ਸੀ ਤੇ ਅਕਬਰ ਨੇ ਖੁਲ੍ਹੇ ਆਮ ਉਸ ਨੂੰ ਆਪਣਾ ਜਾਨਸ਼ੀਨ ਬਣਾਉਣਾ ਮੰਨ ਲਿਆ ਸੀ, ਪਰ ਜਹਾਂਗੀਰ ਅਤੇ ਅਕਬਰ ਦੇ ਕਈ ਦਰਬਾਰੀਆਂ ਨੂੰ ਸ਼ੱਕ ਸੀ, ਕਿ ਕਿਤੇ ਐਨ ਮਰਨ ਵੇਲੇ ਅਕਬਰ, ਜਹਾਂਗੀਰ ਦੀ ਥਾਂ ਉਸ ਦੇ ਪੁੱਤਰ ਖੁਸਰੋ ਨੂੰ ਹੀ ਆਪਣਾ ਜਾਨਸ਼ੀਨ ਨਾ ਥਾਪ ਦੇਵੇ।ਇਸ ਬਾਰੇ ਸ਼ੇਖ ਅਹਿਮਦ ਭੀ ਪੂਰੀ ਤਰ੍ਹਾਂ ਚੌਕੰਨਾ ਸੀ।ਉਹ ਇਹ ਗੱਲ ਚੰਗੀ ਤਰ੍ਹਾਂ ਸਮਝਦਾ ਸੀ, ਕਿ ਖੁਸਰੋ ਪੂਰੀ ਤਰ੍ਹਾਂ ਆਪਣੇ ਦਾਦੇ ਅਕਬਰ ਦੀ ਨੀਤੀ ਉਤੇ ਤੁਰੇਗਾ, ਕਿਉਂਕਿ ਖੁਸਰੋ ਦੇ ਵਿਚਾਰ ਕਿਸੇ ਤੋਂ ਲੁਕੇ ਛਿਪੇ ਨਹੀਂ ਸਨ।

ਉਂਝ ਤਾਂ ਜਹਾਂਗੀਰ ਭੀ ਸ਼ੇਖ ਅਹਿਮਦ ਲਈ ਕੋਈ ਭਰੋਸੇਯੋਗ ਸਹੀ ਮੁਸਲਮਾਨ ਨਹੀਂ ਸੀ।ਦਿਨ ਵਿਚ ਪੰਜ ਪੰਜ ਸੇਰ ਸ਼ਰਾਬ ਪੀ ਜਾਂਦਾ ਸੀ।"Jahangir and the Jesuits" ਦੇ ਹਵਾਲੇ ਪ੍ਰਗਟ ਕਰਦੇ ਹਨ ਕਿ ਈਸਾਈ ਪਾਦਰੀ ਉਸ ਨੂੰ ਇਕ ਈਸਾਈ ਦੇ ਰੂਪ ਵਿਚ ਦੇਖ ਰਹੇ ਸਨ ਤੇ ਇਹ ਆਸ ਲਾਈ ਬੈਠੇ ਸਨ, ਕਿ ਤਖ਼ਤ ਉਤੇ ਬੈਠਣ ਪਿਛੋਂ ਉਸ ਰਾਹੀਂ ਉਹ ਈਸਾਈ ਮਤ ਦਾ ਭਰਪੂਰ ਪ੍ਰਚਾਰ ਕਰ ਸਕਣਗੇ।ਉਂਝ, ਤਖ਼ਤ ਉਤੇ ਬੈਠਣ ਦੇ ਇਕ ਦਮ ਪਿਛੋਂ ਉਸ ਦੀਆਂ ਹਰਕਤਾਂ ਨੇ ਉਹਨਾਂ ਪਾਦਰੀਆਂ ਨੂੰ ਬਿਲਕੁਲ ਨਿਰਾਸ਼ ਕਰ ਦਿਤਾ ਸੀ।ਅਯਾਸ਼ ਜਿਹਾ ਹੋਣ ਕਰ ਕੇ ਇਸ ਉਤੇ ਸ਼ੇਖ ਅਹਿਮਦ ਬਹੁਤਾ ਭਰੋਸਾ ਨਹੀਂ ਸੀ ਕਰ ਸਕਦਾ।ਪਰ ਫੇਰ ਭੀ ਸ਼ੇਖ ਅਹਿਮਦ ਨੇ ਦੂਰ ਦੀ ਸੋਚ ਕੇ ਤੇ ਜਹਾਂਗੀਰ ਦੀ ਰਾਜ ਦਰਬਾਰ ਵਿਚ ਕਮਜ਼ੋਰ ਪੁਜ਼ੀਸ਼ਨ ਨੂੰ ਪੜਤਾਲ ਕੇ ਆਪਣੇ ਲਈ ਇਕ ਬੜੀ ਫਾਇਦੇਮੰਦ ਯੋਜਨਾ ਬਣਾਈ।ਖ਼ਾਨੇ-ਆਜ਼ਮ ਅਜ਼ੀਜ ਕੋਕਾ ਅਤੇ ਰਾਜਾ ਮਾਨ ਸਿੰਘ ਆਦਿਕ ਦਰਬਾਰੀ ਖੁਲ੍ਹੇ ਤੌਰ ਤੇ ਜਹਾਂਗੀਰ ਦੇ ਖ਼ਿਲਾਫ਼ ਸਨ ਤੇ ਖੁਸਰੋ ਨੂੰ ਤਖ਼ਤ ਦੁਆਉਣਾ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਸਨ।ਜਹਾਂਗੀਰ ਦਾ ਪੱਖ ਕੇਵਲ ਇਕ ਹਾਲਤ ਵਿਚ ਹੀ ਤਕੜਾ ਹੋ ਸਕਦਾ ਸੀ ਕਿ ਉਹ ਕੱਟੜ ਤੇ ਜਨੂੰਨੀ ਮੁਸਲਮਾਨ ਦਰਬਾਰੀਆਂ ਦੀਆਂ ਉਮੀਦਾਂ ਦਾ ਸਿਤਾਰਾ ਬਣਦਾ, ਜਿਨ੍ਹਾਂ ਦੀਆਂ ਸਭ ਸਰਗਰਮੀਆਂ ਨੂੰ ਸੰਚਾਲਤ ਕਰਨ ਦਾ ਕੰਮ ਸ਼ੇਖ ਅਹਿਮਦ ਸਰਹੰਦੀ ਪਾਸ ਹੀ ਸੀ।"Akbar and the Jesuits", ਸਮਿਥ ਦੇ 'ਅਕਬਰ', ਮੁਹੰਮਦ ਫਰਮਾਨ ਦੇ 'ਹਯਾਤੇ ਮੁਜੱਦਦ' ਅਤੇ ਬੇਣੀ ਪ੍ਰਸ਼ਾਦ ਦੀ "History of Jahangir" ਦੇ ਹਵਾਲਿਆਂ ਵਿਚੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸ਼ੇਖ ਅਹਿਮਦ ਸਰਹੰਦੀ ਨੇ ਆਪਣੇ ਕੱਟੜ ਸ਼ਰਧਾਲੂ ਸ਼ੇਖ ਫਰੀਦ ਬੁਖਾਰੀ ਰਾਹੀਂ ਇਸ ਹਾਲਤ ਦਾ ਪੂਰਾ ਫਾਇਦਾ ਉਠਾਇਆ ਅਤੇ ਜਹਾਂਗੀਰ ਤੋਂ ਆਪਣੀਆਂ ਸ਼ਰਤਾਂ ਸਪਸ਼ਟ ਤੌਰ ਤੇ ਮੰਨਵਾ ਕੇ ਉਸ ਨੂੰ ਤਖ਼ਤ ਹਾਸਲ ਕਰਨ ਵਿਚ ਹਰ ਪ੍ਰਕਾਰ ਦੀ ਮਦਦ ਦਿਤੀ।ਮੋਟੀ ਸ਼ਰਤ ਇਹੋ ਸੀ ਕਿ ਜਹਾਂਗੀਰ ਤਖ਼ਤ ਉਤੇ ਬੈਠ ਕੇ ਆਪਣੇ ਪਿਤਾ ਦੀ ਰਾਜਸੀ ਪਾਲਸੀ ਬਿਲਕੁਲ ਤਿਆਗ ਦੇਵੇਗਾ ਤੇ ਇਸਲਾਮ ਦੀ ਰਾਖੀ ਅਤੇ ਵਾਧੇ ਲਈ ਰਾਜ-ਸ਼ਕਤੀ ਦੇ ਹਰ ਸਾਧਨ ਨੂੰ ਵਰਤੇਗਾ ਤੇ ਇਸਲਾਮ ਵਿਰੋਧੀ ਸਭ ਲੋਕਾਂ ਨੂੰ ਕੁਚਲਣ ਤੇ ਖ਼ਤਮ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੇਗਾ।

ਸ਼ੇਖ ਹਰ ਹਾਲਤ ਵਿਚ ਬਾਦਸ਼ਾਹੀ ਤਾਕਤ ਨੂੰ ਇਸਲਾਮ ਦੇ ਪ੍ਰਚਾਰ, ਪ੍ਰਸਾਰ ਤੇ ਵਾਧੇ ਲਈ ਅਤੇ ਕਾਫ਼ਰਾਂ ਦੇ ਸਰਬਨਾਸ਼ ਲਈ ਵਰਤਣ ਤੇ ਤੁਲਿਆ ਹੋਇਆ ਸੀ।ਸ਼ੇਖ ਅਹਿਮਦ ਨੇ ਆਪਣੀਆਂ ਕਈ ਚਿੱਠੀਆਂ ਵਿਚ ਆਪਣੇ ਨਕਸ਼ਬੰਦੀ ਸਿਲਸਿਲੇ ਦੇ ਇਕ ਸਿਰਕੱਢ ਪੀਰ ਖਵਾਜਾ ਉਬੇਦੁੱਲਾ ਅਹਰਾਰ ਦੀ ਵਿਚਾਰਧਾਰਾ ਦਾ ਹਵਾਲਾ ਦਿਤਾ ਹੈ, ਜਿਸ ਵਿਚ ਖਵਾਜਾ ਸਾਹਿਬ ਨੇ ਇਹ ਕਿਹਾ ਸੀ ਕਿ ਜੇ ਅਸੀਂ ਪੀਰੀ ਹੀ ਕਰਨੀ ਹੁੰਦੀ ਤਾਂ ਹੋਰ ਪੀਰਾਂ ਨੂੰ ਸੇਵਕ ਤੇ ਮੁਰੀਦ ਮਿਲਣੇ ਹੀ ਮੁਸ਼ਕਲ ਹੋ ਜਾਣੇ ਸਨ ਤੇ ਸਭ ਲੋਕ ਸਾਡੇ ਸੇਵਕ ਬਣ ਜਾਣੇ ਸਨ, ਪਰ ਸਾਡਾ ਕੰਮ ਮੁਸਲਮਾਨਾਂ ਦੀ ਦੁਸ਼ਟ ਕਾਫ਼ਰਾਂ ਤੋਂ ਰਾਖੀ ਕਰਨੀ ਹੈ, ਪੀਰਾਂ ਦਾ ਦਾਇਰਾ ਵਧਾਣਾ ਨਹੀਂ।ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਬਾਦਸ਼ਾਹੀ ਤਾਕਤ ਦੀ ਮਦਦ ਜ਼ਰੂਰੀ ਹੈ।ਇਸ ਲਈ ਸਿਆਸੀ ਤਾਕਤ ਵਾਲੇ ਲੋਕਾਂ ਨਾਲ ਤਾਲ-ਮੇਲ ਬਣਾ ਕੇ ਉਸ ਤਾਕਤ ਨੂੰ ਇਸਲਾਮ ਦੇ ਵਾਧੇ ਅਤੇ ਚੜ੍ਹਦੀ ਕਲਾ ਲਈ ਵਰਤਣਾ ਅਤੇ ਅਜਿਹੇ ਹਾਲਾਤ ਪੈਦਾ ਕਰਨੇ ਹੀ ਸਾਡਾ ਮੁਖੀ ਨਿਸ਼ਾਨਾ ਹੈ।

ਸ਼ੇਖ ਅਹਿਮਦ ਸਰਹੰਦੀ ਖ਼ੁਦ ਇਸੇ ਨੀਤੀ ਦਾ ਕੱਟੜ ਧਾਰਨੀ ਸੀ।ਆਪਣੀ ਸਕੀਮ ਅਨੁਸਾਰ ਜਦ ਉਹ ਜਹਾਂਗੀਰ ਨੂੰ ਸ਼ੇਖ ਫ਼ਰੀਦ ਬੁਖ਼ਾਰੀ ਅਤੇ ਆਪਣੇ ਹੋਰ ਅਨੇਕਾਂ ਸ਼ਰਧਾਲੂ ਦਰਬਾਰੀਆਂ ਦੀ ਮਦਦ ਨਾਲ ਅਮਲੀ ਤੌਰ ਤੇ ਅਕਬਰ ਦਾ ਜਾਨਸ਼ੀਨ ਬਣਾਉਣ ਵਿਚ ਕਾਮਯਾਬ ਹੋ ਗਿਆ ਅਤੇ ਜਹਾਂਗੀਰ ਨੂੰ "ਇਸਲਾਮ ਦੇ



Sri Satguru Jagjit Singh Ji eLibrary NamdhariElibrary@gmail.com

ਬਾਦਸ਼ਾਹ" ਦੇ ਵਿਸ਼ੇਸ਼ਣ ਨਾਲ ਵਿਭੂਸ਼ਿਤ ਕੀਤਾ, ਤਦ "ਮਕਤੂਬਾਤਿ-ਇਮਾਮਿ-ਰਬਾਨੀ" ਦੀ ਚਿੱਠੀ ਨੰਬਰ 47, ਜੋ ਸ਼ੇਖ ਫ਼ਰੀਦ ਬੁਖਾਰੀ ਨੂੰ ਲਿਖੀ ਗਈ ਸੀ, ਵਿਚ ਦਰਸਾਏ ਉਸਦੇ ਜਜ਼ਬਾਤ ਦੇਖਣ ਲਾਇਕ ਹਨ।

ਉਹ ਲਿਖਦਾ ਹੈ ਕਿ ਇਸਲਾਮ ਦੀ ਸਰਬ-ਉਤਮਤਾ ਨੂੰ ਨਾ ਮੰਨਣ ਵਾਲੇ ਅਕਬਰ ਬਾਦਸ਼ਾਹ ਦੀ ਮੌਤ ਦੀ ਖ਼ਬਰ ਅਤੇ "ਇਸਲਾਮ ਦੇ ਬਾਦਸ਼ਾਹ" ਦੇ ਤਖ਼ਤ ਉਤੇ ਬੈਠਣ ਦੀ ਖ਼ਬਰ, ਅੱਜ ਸਾਰੇ ਸੱਚੇ ਮੁਸਲਮਾਨਾਂ ਨੇ ਬੜੇ ਚਾਅ ਨਾਲ ਸੁਣੀ ਅਤੇ ਸਭ ਨੇ ਫ਼ੈਸਲਾ ਕੀਤਾ ਹੈ ਕਿ "ਇਸਲਾਮ ਦੇ ਬਾਦਸ਼ਾਹ" ਜਹਾਂਗੀਰ ਨੂੰ ਪੂਰੀ ਪੂਰੀ ਮਦਦ ਦਿਤੀ ਜਾਏ ਤਾਂਕਿ ਇਸਲਾਮ ਦਾ ਭਰਪੂਰ ਪਸਾਰਾ ਕਰਕੇ ਇਸਦੀ ਤਾਕਤ ਵਿਚ ਵਾਧਾ ਕੀਤਾ ਜਾਏ।

ਸ਼ੇਖ ਫ਼ਰੀਦ ਬੁਖਾਰੀ ਨੇ ਨਾ ਕੇਵਲ ਕੱਟੜ ਦਰਬਾਰੀਆਂ ਦੀ ਮਦਦ ਦੁਆ ਕੇ ਜਹਾਂਗੀਰ ਨੂੰ ਤਖ਼ਤ ਹਾਸਲ ਕਰਵਾਇਆ; ਬਲਕਿ ਜਹਾਂਗੀਰ ਦੀ ਤਾਕਤ ਨੂੰ ਪੱਕੇ ਪੈਰਾਂ ਉਤੇ ਖੜ੍ਹਾ ਕਰਨ ਵਿਚ ਭਾਰੀ ਮਦਦ ਕੀਤੀ।ਇਹ ਸਭ ਮਦਦ ਸ਼ੇਖ ਅਹਿਮਦ ਸਰਹੰਦੀ ਦੀਆਂ ਹਦਾਇਤਾਂ ਮੁਤਾਬਕ ਕੀਤੀ ਜਾ ਰਹੀ ਸੀ।

ਅਕਬਰ 17 ਅਕਤੂਬਰ 1605 ਵਿਚ ਆਗਰੇ ਵਿਖੇ ਮਰਿਆ ਸੀ।ਜਹਾਂਗੀਰ ਨੂੰ ਤਖ਼ਤ ਮਿਲ ਜਾਣ ਉਤੇ ਖੁਸਰੋ ਨੇ ਬਗਾਵਤ ਕਰ ਦੇਣ ਦੀ ਸਕੀਮ ਬਣਾਈ।ਰਾਜਨੀਤੀ ਵਰਤਦਿਆਂ ਜਹਾਂਗੀਰ ਨੇ ਆਪਣੇ ਵਿਰੋਧੀ ਦਰਬਾਰੀ ਰਾਜਾ ਮਾਨ ਸਿੰਘ ਨਾਲ ਭੀ ਸਮਝੌਤਾ ਜਿਹਾ ਕਰ ਲਿਆ ਅਤੇ ਖੁਸਰੋ ਨੂੰ ਖੁਸ਼ ਕਰਨ ਲਈ ਇਕ ਲੱਖ ਰੁਪਿਆ ਫੌਰੀ ਤੌਰ ਤੇ ਦਿਤਾ ਤਾਂ ਕਿ ਉਹ ਆਗਰੇ ਦੇ ਕਿਲ੍ਹੇ ਵਾਲੇ ਮਹੱਲ ਨੂੰ ਸਜਾ ਸੰਵਾਰ ਸਕੇ।ਇਸ ਤਰ੍ਹਾਂ ਜਹਾਂਗੀਰ ਨੇ ਇਕ ਤਰ੍ਹਾਂ ਨਾਲ ਖੁਸਰੋ ਨੂੰ ਆਗਰੇ ਦੇ ਕਿਲ੍ਹੇ ਵਿਚ ਨਜ਼ਰਬੰਦ ਜਿਹਾ ਹੀ ਕਰ ਦਿਤਾ ਸੀ ਤਾਂਕਿ ਉਸਦੀ ਤਾਕਤ ਸਿਫ਼ਰ ਹੋ ਜਾਵੇ।ਖੁਸਰੋ ਇਸ ਸਭ ਕਾਸੇ ਨੂੰ ਚੰਗੀ ਤਰ੍ਹਾਂ ਸਮਝ ਰਿਹਾ ਸੀ।ਉਹ ਪਰੇਸ਼ਾਨ ਜਿਹਾ ਹੋ ਉਠਿਆ।ਤਖ਼ਤ ਹਾਸਲ ਕਰਨਾ ਉਸਦਾ ਵੱਡਾ ਨਿਸ਼ਾਨਾ ਸੀ।6 ਅਪ੍ਰੈਲ, 1606 ਨੂੰ ਉਹ ਆਗਰੇ ਤੋਂ ਇਸ ਆਸ ਨਾਲ ਭੱਜ ਨਿਕਲਿਆ ਕਿ ਉਹ ਪੰਜਾਬ ਅਤੇ ਉਤਰ-ਪੱਛਮ ਦੇ ਇਲਾਕੇ ਵਿਚੋਂ ਆਪਣੇ ਸਭ ਹਿਮਾਇਤੀਆਂ ਨੂੰ ਨਾਲ ਲੈ ਕੇ ਭਾਰੀ ਬਗਾਵਤ ਕਰੇਗਾ ਅਤੇ ਤਖ਼ਤ ਨੂੰ ਹਰ ਹਾਲਤ ਵਿਚ ਹਾਸਲ ਕਰਕੇ ਰਹੇਗਾ।ਰਾਹ ਵਿਚ ਮਥਰਾ ਤੇ ਦਿੱਲੀ ਤੋਂ ਉਸਨੇ ਆਪਣੀ ਫ਼ੌਜ ਵਿਚ ਬੜਾ ਭਾਰੀ ਵਾਧਾ ਕੀਤਾ।ਉਹ ਲਾਹੌਰ ਤੇ ਜਾ ਚੜ੍ਹਿਆ ਪਰ ਉਸਦੇ ਲਾਹੌਰ ਪਹੁੰਚਣ ਤੋਂ ਪਹਿਲੇ ਹੀ ਜਹਾਂਗੀਰ ਦੇ ਵਫ਼ਾਦਾਰ ਸਰਦਾਰ ਨੇ ਕਿਲ੍ਹੇ ਪੁਰ ਕਬਜ਼ਾ ਕਰ ਲਿਆ।ਨੌਂ ਦਿਨ ਘੇਰਾ ਪਾਕੇ ਰੱਖਣ ਦੇ ਬਾਵਜੂਦ ਉਹ ਕਿਲ੍ਹੇ ਤੇ ਕਬਜ਼ਾ ਨਾ ਕਰ ਸਕਿਆ।ਉਤੋਂ ਜਹਾਂਗੀਰ ਦੀਆਂ ਫ਼ੌਜਾਂ



Sri Satguru Jagjit Singh Ji eLibrary NamdhariElibrary@gmail.com

ਆ ਪੁੱਜੀਆਂ।ਖੁਸਰੋ ਘੇਰਾ ਛੱਡ ਕੇ ਕਾਬਲ ਵੱਲ ਨੱਠ ਤੁਰਿਆ।ਦਰਿਆ ਚਨਾਬ ਪਾਰ ਕਰਨ ਸਮੇਂ ਉਹ 27 ਅਪ੍ਰੈਲ 1606 ਨੂੰ ਆਪਣੇ ਸਾਥੀਆਂ ਸਣੇ ਫੜਿਆ ਗਿਆ ਤੇ ਕੈਦ ਕਰਕੇ ਲਾਹੌਰ ਲੈ ਆਂਦਾ ਗਿਆ।ਇਸ ਸਾਰੀ ਬਗ਼ਾਵਤ ਸਮੇਂ ਅੱਗੇ ਅੱਗੇ ਖੁਸਰੋ ਦੀ ਫ਼ੌਜ ਸੀ ਅਤੇ ਪਿਛੇ ਸ਼ੇਖ ਫ਼ਰੀਦ ਬੁਖਾਰੀ ਉਸ ਉਤੇ ਚੜ੍ਹਦਾ ਆ ਰਿਹਾ ਸੀ ਅਤੇ ਇਸਦੇ ਬਿਲਕੁਲ ਨਾਲ ਹੀ ਪਿਛੇ ਪਿਛੇ ਜਹਾਂਗੀਰ ਦੀ ਫ਼ੌਜ ਚੜ੍ਹੀ ਆ ਰਹੀ ਸੀ।

ਜਹਾਂਗੀਰ ਨੇ ਲਾਹੌਰ ਆ ਕੇ ਸਭ ਤੋਂ ਪਹਿਲਾਂ ਖੁਸਰੋ ਦੀ ਮਦਦ ਕਰਨ ਵਾਲੇ ਸਭ ਬੰਦਿਆਂ ਨੂੰ ਖ਼ੌਫ਼ਨਾਕ ਸਜ਼ਾਵਾਂ ਦਿਤੀਆਂ।ਉਸਦੇ ਸਾਥੀ ਹੁਸੈਨ ਬੇਗ ਅਤੇ ਅਬਦੁਲ ਰਹਿਮਾਨ ਨੂੰ ਖੋਤੇ ਅਤੇ ਗਾਂ ਦੇ ਕੱਚੇ ਚਮੜੇ ਵਿਚ ਮੜ੍ਹ ਕੇ ਖ਼ਤਮ ਕੀਤਾ ਗਿਆ।ਕਈ ਹਮਾਇਤੀਆਂ ਨੂੰ ਤਸੀਹੇ ਦੇ ਦੇ ਕੇ ਮਾਰ ਕੇ ਸ਼ਹਿਰ ਦੇ ਮੁਖੀ ਦਰਵਾਜ਼ਿਆਂ ਦੇ ਸਾਹਮਣੇ ਸੂਲੀਆਂ ਉਤੇ ਟੰਗਵਾ ਦਿਤਾ।ਖੁਸਰੋ ਦੀ ਬਗ਼ਾਵਤ ਤੋਂ ਲਾਭ ਉਠਾਉਂਦਿਆਂ ਲਾਹੌਰ ਦੇ ਰਾਜੂ ਅਤੇ ਅੰਬਾ ਨੇ ਸ਼ਹਿਰ ਵਿਚ ਬਹੁਤ ਲੁੱਟ ਮਾਰ ਕਰ ਲਈ ਸੀ।ਇਸ ਮੌਕੇ ਜਹਾਂਗੀਰ ਨੇ ਰਾਜੂ ਲਈ ਫਾਂਸੀ ਦਾ ਹੁਕਮ ਦੇ ਦਿਤਾ ਅਤੇ ਅੰਬਾ ਨੂੰ ਇਕ ਲੱਖ ਪੰਦਰਾਂ ਹਜ਼ਾਰ ਰੁਪਿਆ ਜੁਰਮਾਨਾ ਕੀਤਾ।ਇਸ ਮੌਕੇ ਤੇ ਜਹਾਂਗੀਰ ਨੇ ਆਪਣੇ ਵਫ਼ਾਦਾਰਾਂ ਨੂੰ ਇਨਾਮ ਵੰਡੇ ਅਤੇ ਤਰੱਕੀਆਂ ਦਿੱਤੀਆਂ।ਸ਼ੇਖ ਫ਼ਰੀਦ ਬੁਖਾਰੀ ਨੂੰ ਲਾਹੌਰ ਦਾ ਕਿਲ੍ਹਾ ਬਚਾਉਣ ਦੀ ਸੇਵਾ ਬਦਲੇ "ਮੁਰਤਜ਼ਾ ਖਾਂ" ਦਾ ਖ਼ਿਤਾਬ ਦਿਤਾ ਗਿਆ।ਜਹਾਂਗੀਰ 28 ਅਪ੍ਰੈਲ 1606 ਵਿਚ ਲਾਹੌਰ ਆ ਚੁਕਾ ਸੀ ਤੇ 1 ਮਈ ਨੂੰ ਖੁਸਰੋ ਨੂੰ ਵੀ ਲਾਹੌਰ ਕੈਦੀ ਦੀ ਸ਼ਕਲ ਵਿਚ ਲੈ ਆਂਦਾ ਗਿਆ ਸੀ।ਦੋ ਚਾਰ ਦਿਨਾਂ ਦੇ ਅੰਦਰ ਅੰਦਰ ਹੀ ਖੁਸਰੋ ਦੇ ਸਭ ਸਾਥੀਆਂ ਨੂੰ ਸਜ਼ਾਵਾਂ ਦੇ ਦਿਤੀਆਂ ਗਈਆਂ ਸਨ।

ਉਪਰੋਕਤ ਸਭ ਵਾਕਿਆਤ ਦਸਦੇ ਹਨ ਕਿ ਸ਼ੇਖ ਫ਼ਰੀਦ ਬੁਖਾਰੀ ਨੇ ਕੇਵਲ ਤਖ਼ਤ ਹਾਸਲ ਕਰਨ ਵਿਚ ਹੀ ਜਹਾਂਗੀਰ ਦੀ ਮਦਦ ਨਹੀਂ ਕੀਤੀ ਬਲਕਿ ਉਸ ਵਿਰੁੱਧ ਖੁਸਰੋ ਵੱਲੋਂ ਕੀਤੀ ਬਗ਼ਾਵਤ ਨੂੰ ਭੀ ਉਸਨੇ ਪੂਰੀ ਤਰ੍ਹਾਂ ਕੁਚਲਿਆ ਸੀ।ਖੁਸਰੋ ਵੱਲੋਂ ਇਹ ਬਗ਼ਾਵਤ ਜਹਾਂਗੀਰ ਦੇ ਤਖ਼ਤ ਉਤੇ ਬੈਠਣ ਤੋਂ ਛੇ ਮਹੀਨਿਆਂ ਦੇ ਅੰਦਰ ਅੰਦਰ ਕਰ ਦਿਤੀ ਗਈ ਸੀ।17 ਅਕਤੂਬਰ 1605 ਨੂੰ ਜਹਾਂਗੀਰ ਤਖ਼ਤ ਤੇ ਬੈਠਾ ਸੀ ਅਤੇ 6 ਅਪਰੈਲ 1606 ਨੂੰ ਖੁਸਰੋ ਆਗਰੇ ਦੇ ਕਿਲ੍ਹੇ ਤੋਂ ਬਗ਼ਾਵਤ ਕਰਕੇ ਭੱਜ ਨਿਕਲਿਆ ਸੀ।ਅਜਿਹੇ ਹਾਲਾਤ ਵਿਚ ਸ਼ੇਖ ਫ਼ਰੀਦ ਬੁਖਾਰੀ-ਮੁਰਤਜ਼ਾ ਖਾਨ, ਜਹਾਂਗੀਰ ਦੀ ਬਹੁਤ ਨਜ਼ਦੀਕੀ ਤੇ ਅਤੀ ਭਰੋਸੇ ਯੋਗ ਸ਼ਖਸੀਅਤ ਬਣ ਗਿਆ ਸੀ।

ਜਿਵੇਂ ਕਿ ਉਪਰ ਦੱਸਿਆ ਜਾ ਚੁਕਿਆ ਹੈ ਕਿ ਕੱਟੜ ਕਿਸਮ ਦੇ ਸਭ ਜਨੂੰਨੀ ਮੁਸਲਮਾਨਾਂ ਨੂੰ ਸ਼ੇਖ ਅਹਿਮਦ ਸਰਹੰਦੀ ਹੀ ਰਹਿਨੁਮਾਈ ਦੇ ਰਿਹਾ ਸੀ।ਉਸਦੀ



Sri Satguru Jagjit Singh Ji eLibrary NamdhariElibrary@gmail.com

ਸਕੀਮ ਦਾ ਇਕ ਹਿੱਸਾ ਤਾਂ ਨੇਪਰੇ ਚੜ੍ਹ ਗਿਆ ਸੀ।ਉਹ ਇਸ ਢੰਗ ਨਾਲ ਸ਼ੇਖ ਫ਼ਰੀਦ ਬੁਖਾਰੀ ਰਾਹੀਂ ਜਹਾਂਗੀਰ ਦੇ ਬਹੁਤ ਕਰੀਬ ਹੋ ਗਿਆ ਸੀ ਅਤੇ ਉਸ ਉਤੇ ਛਾ ਜਿਹਾ ਗਿਆ ਸੀ।ਹੁਣ ਉਸਨੂੰ ਪੂਰਨ ਯਕੀਨ ਸੀ ਕਿ ਜਹਾਂਗੀਰ ਕੋਲੋਂ ਮਦਦ ਦੇਣ ਵੇਲੇ ਕਰਾਏ ਗਏ ਵਾਇਦੇ ਨੂੰ ਪੂਰਾ ਕੀਤਾ ਜਾ ਸਕਦਾ ਹੈ।ਵਾਇਦਾ ਇਹੋ ਸੀ ਕਿ ਰਾਜ-ਬਲ ਨੂੰ ਇਸਲਾਮ ਦੇ ਵਾਧੇ ਅਤੇ ਗ਼ੈਰ-ਮੁਸਲਿਮ ਲੋਕਾਂ ਦੇ ਕੁਚਲਣ ਲਈ ਵਰਤਿਆ ਜਾਵੇ।

ਸ਼ੇਖ ਅਹਿਮਦ ਸਰਹੰਦੀ ਕਾਫ਼ੀ ਸਮੇਂ ਤੋਂ ਇਸ ਗੱਲੋਂ ਔਖਾ ਸੀ ਕਿ ਦੇਸ਼ ਵਿਚ ਸਿੱਖ ਮਤ ਦਿਨ ਬਦਿਨ ਬੜੀ ਤੇਜ਼ੀ ਨਾਲ ਵਧ ਰਿਹਾ ਸੀ।ਸਿੱਖ ਮਤ ਦੇ ਅਸੂਲ ਬੜੇ ਸਿੱਧੇ, ਸਪੱਸ਼ਟ ਤੇ ਦਿਲ-ਖਿਚਵੇਂ ਸਨ ਅਤੇ ਉਸ ਪੁਰ ਸਤਿਗੁਰੂ ਅਰਜਨ ਦੇਵ ਜੀ ਦਾ ਮਿਠਾਸ, ਪਰੋਪਕਾਰ, ਸੇਵਾ, ਸਿਮਰਨ ਤੇ ਕੁਰਬਾਨੀ ਭਰਿਆ ਜੀਵਨ ਸੋਨੇ ਤੇ ਸੁਗੰਧੀ ਦਾ ਮੇਲ ਸੀ।ਸਿੱਖ ਮਤ ਹਰ ਪਖੋਂ ਵਿਗਸਤ ਹੋ ਰਿਹਾ ਸੀ।ਬੜੀ ਭਾਰੀ ਗਿਣਤੀ ਵਿਚ ਹਿੰਦੂ ਹੀ ਨਹੀਂ, ਮੁਸਲਮਾਨ ਵੀ ਸਿੱਖ ਮਤ ਵਿਚ ਦਾਖ਼ਲ ਹੋਣ ਲੱਗ ਪਏ ਸਨ।

ਜ਼ਾਤ-ਪਾਤ ਦੇ ਭੇਦ ਭਾਵ ਉਤੇ ਸਿੱਖ ਮਤ ਦੇ ਪਰਚਾਰ ਨੇ ਕਾਰੀ ਸੱਟ ਮਾਰੀ ਸੀ।ਸਖੀ ਸਰਵਰ ਦੀ ਗੱਦੀ ਦੇ ਮੁਸਲਮਾਨੀ ਪ੍ਰਚਾਰ ਨੂੰ ਸਿੱਖੀ ਦੇ ਤਰਨ ਤਾਰਨ ਵਾਲੇ ਕੇਂਦਰ ਨੇ ਲੰਗੜਾ ਜਿਹਾ ਕਰ ਛੱਡਿਆ ਸੀ।ਅਕਬਰ ਭੀ ਸਿੱਖ ਮਤ ਦੇ ਉਚੇ ਤੇ ਪਾਇਦਾਰ ਅਸੂਲਾਂ ਤੋਂ ਬੜਾ ਪ੍ਰਭਾਵਤ ਹੋਇਆ ਸੀ।1597 ਵਿਚ ਪੰਜਾਬ ਵਿਚ ਬੜਾ ਖ਼ੌਫ਼ਨਾਕ ਕਾਲ ਪਿਆ ਅਤੇ ਅਨੇਕਾਂ ਮਾਰੂ ਬੀਮਾਰੀਆਂ ਫੈਲੀਆਂ ਅਤੇ ਹਜ਼ਾਰਾਂ ਲੋਕ ਮੌਤ ਦਾ ਗ੍ਰਾਸ ਬਣੇ।ਨੂਰੁਲ ਹੱਕ ਦੀ ਲਿਖਤ ਮੁਤਾਬਕ ਲਾਹੌਰ ਦੀਆਂ ਗਲੀਆਂ ਤੇ ਬਾਜ਼ਾਰ ਮੁਰਦਿਆਂ ਨਾਲ ਭਰ ਗਏ ਸਨ ਤੇ ਕੋਈ ਦਵਾ ਦਾਰੂ ਤੇ ਸੇਵਾ ਕਰਨ ਲਈ ਨਹੀਂ ਸੀ ਬਹੁੜ ਰਿਹਾ।ਆਪਣੇ ਪਰਉਪਕਾਰੀ ਦੇ ਨਿਤ ਸੁਭਾਅ ਮੁਤਾਬਕ ਗੁਰੂ ਅਰਜਨ ਪਾਤਸ਼ਾਹ ਨੇ ਅੱਠ ਮਹੀਨਿਆਂ ਤੋਂ ਵੱਧ ਲਾਹੌਰ ਰਹਿ ਕੇ ਦਿਨ ਰਾਤ ਇਕ ਕਰਕੇ ਲੋਕਾਂ ਦੀ ਸੇਵਾ ਕੀਤੀ।ਦਵਾ ਦਾਰੂ ਅਤੇ ਖ਼ੁਰਾਕ ਲੋੜਵੰਦਾਂ ਨੂੰ ਪੁਚਾਈ।ਸਤਿਗੁਰੂ ਸਾਹਿਬ ਦਾ ਪਰੋਪਕਾਰੀ ਜੀਵਨ, ਸਿੱਖੀ ਦਾ ਲੰਗਰ ਅਤੇ ਸੰਗਤ ਦੀ ਮਰਯਾਦਾ ਸਿੱਖ ਮਤ ਦੇ ਭਰਪੂਰ ਵਾਧੇ ਦਾ ਕਾਰਨ ਬਣੇ।

ਅਜਿਹੀ ਹਾਲਤ ਵਿਚ ਮੁੱਠੀ ਭਰ ਕੱਟੜ ਤੇ ਤੰਗਦਿਲ ਮੁਸਲਮਾਨਾਂ ਨੂੰ ਛੱਡ ਕੇ ਸਾਰੇ ਹਿੰਦ ਵਿਚ ਇਸਲਾਮ ਦੇ ਇਕ ਛਤਰ ਰਾਜ ਕਰਨ ਦਾ ਸੁਫ਼ਨਾ ਲੈਣ ਵਾਲੇ ਜਨੂੰਨੀ ਤੇ ਹੰਕਾਰੀ ਸ਼ੇਖ ਅਹਿਮਦ ਨੂੰ ਕੀਹਨੇ ਪੁੱਛਣਾ ਸੀ ? ਸ਼ੇਖ ਇਸ ਸਚਾਈ ਨੂੰ ਚੰਗੀ ਤਰ੍ਹਾਂ ਸਮਝਦਾ ਸੀ ਕਿ ਗੁਰੂ ਅਰਜਨ ਪਾਤਸ਼ਾਹ ਦੇ ਹੁੰਦਿਆਂ ਇਸਲਾਮ ਦੇ



Sri Satguru Jagjit Singh Ji eLibrary NamdhariElibrary@gmail.com

ਵਾਧੇ ਵਾਲੇ ਨਿਸ਼ਾਨੇ ਨੂੰ ਪ੍ਰਾਪਤ ਕਰਨਾ ਉਸ ਲਈ ਸੰਭਵ ਨਹੀਂ।ਉਸਨੇ ਗੁਰੂ ਅਰਜਨ ਪਾਤਸ਼ਾਹ ਬਾਰੇ ਆਪਣੇ ਇਹ ਨੀਚ ਅਤੇ ਈਰਖਾ ਭਰੇ ਖ਼ਿਆਲ ਸ਼ੇਖ ਫ਼ਰੀਦ ਬੁਖ਼ਾਰੀ ਤਕ ਵੀ ਪੁਚਾਏ ਸਨ, ਤੇ ਕੁਝ ਹੀਲਾ ਕਰ ਗੁਜ਼ਰਨ ਦੇ ਸੁਝਾਅ ਵੀ ਆਪਣੀ ਆਦਤ ਮੂਜਬ ਦਿਤੇ ਸਨ।

ਇਸਲਾਮ ਦੇ ਵਾਧੇ ਲਈ ਗ਼ੈਰ-ਇਸਲਾਮੀ ਸੋਮਿਆਂ ਦੇ ਸਰਬਨਾਸ਼ ਦਾ ਬਚਨ ਤਾਂ ਪਹਿਲਾਂ ਹੀ ਜਹਾਂਗੀਰ ਤੋਂ ਲਿਆ ਹੋਇਆ ਸੀ।ਜਹਾਂਗੀਰ ਨੂੰ ਗੱਦੀ ਤੇ ਬੈਠਿਆਂ ਛੇ ਮਹੀਨੇ ਤੋਂ ਉਤੇ ਸਮਾਂ ਹੋ ਰਿਹਾ ਸੀ।ਖੁਸਰੋ ਦਾ ਪਿੱਛਾ ਕਰਨ ਸਮੇਂ ਜਹਾਂਗੀਰ ਰਾਹ ਵਿਚ ਖੁਸਰੋ ਦੇ ਸਭ ਹਿਮਾਇਤੀਆਂ ਨੂੰ ਨਾਲੋ ਨਾਲ ਸਜ਼ਾਵਾਂ ਦਿੰਦਾ ਆ ਰਿਹਾ ਸੀ।ਉਸਦੇ ਰਹਿੰਦੇ ਖੂੰਹਦੇ ਹਿਮਾਇਤੀ ਮਈ 1606 ਦੇ ਪਹਿਲੇ ਹਫਤੇ ਲਾਹੌਰ ਵਿਖੇ ਤਸੀਹੇ ਦੇ ਦੇ ਕੇ ਖ਼ੌਫ਼ਨਾਕ ਤਰੀਕਿਆਂ ਨਾਲ ਮਾਰ ਦਿਤੇ ਗਏ ਸਨ।ਅਜੇ ਤਕ ਜਹਾਂਗੀਰ ਦਾ ਧਿਆਨ ਗੁਰੂ ਅਰਜਨ ਪਾਤਸ਼ਾਹ ਅਤੇ ਉਹਨਾਂ ਦੀ ਸਿੱਖ ਲਹਿਰ ਵੱਲ ਨਹੀਂ ਸੀ ਗਿਆ।ਖੁਸਰੋ ਦੀ ਹਿਮਾਇਤ ਕਰਨ ਵਾਲਿਆਂ ਲਈ ਬਾਦਸ਼ਾਹ ਦੇ ਮਨ ਵਿਚ ਜਿਤਨਾ ਗੁੱਸਾ ਸੀ, ਉਹ ਭੀ ਕਿਸੇ ਤੋਂ ਲੁਕਿਆ ਹੋਇਆ ਨਹੀਂ ਸੀ।

ਮੌਕੇ ਦਾ ਫ਼ਾਇਦਾ ਉਠਾਉਂਦੇ ਹੋਏ ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫ਼ਰੀਦ ਬੁਖਾਰੀ ਆਦਕਾਂ ਦੀ ਚੰਡਾਲ ਚੌਕੜੀ ਨੇ ਇਕ ਛੜਯੰਤ੍ਰ ਰਚਿਆ ਅਤੇ 23 ਮਈ 1606 ਦੇ ਨੇੜੇ ਤੇੜੇ ਜਹਾਂਗੀਰ ਤਕ ਇਕ ਫ਼ਰਜ਼ੀ ਸ਼ਿਕਾਇਤ ਗੁਰੂ ਅਰਜਨ ਪਾਤਸ਼ਾਹ ਬਾਰੇ ਪੁਚਾਈ ਗਈ, ਜਿਸ ਵਿਚ ਇਹ ਕਿਹਾ ਗਿਆ ਕਿ ਗੋਇੰਦਵਾਲ ਵਿਖੇ ਭੱਜੇ ਆਉਂਦੇ ਬਾਗ਼ੀ ਖੁਸਰੋ ਨੂੰ ਗੁਰੂ ਅਰਜਨ ਦੇਵ ਜੀ ਨੇ ਆਸਰਾ ਅਤੇ ਮਦਦ ਦਿਤੀ ਸੀ ਤਾਂਕਿ ਉਹ ਜਹਾਂਗੀਰ ਦਾ ਟਾਕਰਾ ਕਰ ਸਕੇ।ਉਸਨੂੰ ਤਖ਼ਤ ਹਾਸਲ ਕਰਨ ਲਈ ਅਸ਼ੀਰਵਾਦ ਵੀ ਦਿਤਾ ਅਤੇ ਉਸਦੇ ਮੱਥੇ ਤੇ ਕੇਸਰ ਦਾ ਤਿਲਕ ਲਗਾਇਆ; ਆਦਿਕ।ਇਹ ਫ਼ਰਜ਼ੀ ਕਹਾਣੀ ਸਿਰਫ ਇਸ ਲਈ ਘੜੀ ਗਈ ਤਾਂ ਕਿ ਜਹਾਂਗੀਰ ਦੇ ਗੁੱਸੇ ਨੂੰ ਭੜਕਾਇਆ ਜਾ ਸਕੇ ਅਤੇ ਖੁਸਰੋ ਦੇ ਹਿਮਾਇਤੀਆਂ ਦੀ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੂੰ ਵੀ ਖ਼ੌਫ਼ਨਾਕ ਕਸ਼ਟ ਦੇ ਕੇ ਸ਼ਹੀਦ ਕਰਾ ਦਿਤਾ ਜਾਵੇ।

ਅਸਲ ਗੱਲ ਤੇ ਇਹ ਹੈ ਕਿ ਜਦ ਤੋਂ ਜਹਾਂਗੀਰ ਗੱਦੀ ਤੇ ਬੈਠਾ ਸੀ, ਇਸ ਦੌਰਾਨ ਵਿਚ ਖੁਸਰੋ ਕਿਸੇ ਵੇਲੇ ਭੀ ਗੁਰੂ ਅਰਜਨ ਦੇਵ ਜੀ ਨੂੰ ਨਹੀਂ ਮਿਲ ਸਕਿਆ ਸੀ।ਦੂਜੇ, ਖੁਸਰੋ ਦਾ ਪਿਛਾ ਸ਼ਾਹੀ ਫ਼ੌਜਾਂ ਨੇ ਉਸੇ ਰਸਤੇ ਥਾਣੀਂ ਕੀਤਾ ਸੀ, ਜਿਸ ਰਸਤੇ ਖੁਸਰੋ ਜਾ ਰਿਹਾ ਸੀ।ਸ਼ਿਕਾਇਤ ਵਿਚ ਇਹ ਕਿਹਾ ਗਿਆ ਸੀ ਕਿ ਜਦੋਂ ਖੁਸਰੋ ਨੇ ਗੋਇੰਦਵਾਲ ਦੇ ਪੱਤਣ ਤੋਂ ਬਿਆਸ ਪਾਰ ਕੀਤਾ ਸੀ, ਉਸ ਮੌਕੇ ਉਸਨੇ ਗੁਰੂ ਅਰਜਨ ਦੇਵ ਜੀ ਤੋਂ ਸਹਾਇਤਾ ਤੇ ਅਸ਼ੀਰਵਾਦ ਲਈ।23 ਮਈ 1606 ਤੋਂ ਕੁੱਲ



Sri Satguru Jagjit Singh Ji eLibrary NamdhariElibrary@gmail.com

27 ਦਿਨ ਪਹਿਲਾਂ ਖੁਸਰੋ ਦਾ ਪਿੱਛਾ ਕਰਦਿਆਂ ਹੋਇਆਂ ਜਹਾਂਗੀਰ ਆਪ ਗੋਇੰਦਵਾਲ ਤੋਂ ਲੰਘਿਆ ਸੀ।ਰਾਹ ਵਿਚ ਜਿਥੇ ਕਿਤੇ ਵੀ ਪੜਤਾਲ ਕਰਨ ਪੁਰ ਖੁਸਰੋ ਦਾ ਕੋਈ ਹਿਮਾਇਤੀ ਸਾਬਤ ਹੋਇਆ, ਜਹਾਂਗੀਰ ਨੇ ਫ਼ੌਰੀ ਤੌਰ ਤੇ ਉਹਨਾਂ ਨੂੰ ਸਜ਼ਾਵਾਂ ਦੇ ਦਿਤੀਆਂ ਸਨ।ਗੋਇੰਦਵਾਲ ਜਾਂ ਗੋਇੰਦਵਾਲ ਦੇ ਆਸ ਪਾਸ ਜਹਾਂਗੀਰ ਨੂੰ ਐਸੀ ਕੋਈ ਸ਼ਿਕਾਇਤ ਨਹੀਂ ਮਿਲੀ ਤੇ ਨਾ ਹੀ ਗੋਇੰਦਵਾਲ ਪਾਰ ਕਰਨ ਸਮੇਂ (ਭਾਵ. 26 ਅਪਰੈਲ ਤੋਂ 22 ਮਈ ਤਕ) ਜਹਾਂਗੀਰ ਨੂੰ ਕੋਈ ਐਸੀ ਸ਼ਿਕਾਇਤ ਪੁੱਜੀ।ਸ਼ਿਕਾਇਤ ਪੁਜਦੀ ਭੀ ਕਿਵੇਂ ? ਖੁਸਰੋ ਦਾ ਤਾਂ ਗੁਰੂ ਅਰਜਨ ਦੇਵ ਜੀ ਨਾਲ ਕੋਈ ਮੇਲ ਹੀ ਨਹੀਂ ਸੀ ਹੋ ਸਕਿਆ।ਸਭ ਤੋਂ ਖ਼ੂਬਸੂਰਤ ਗੱਲ ਇਹ ਹੈ ਕਿ ਸਮਕਾਲੀ ਲਿਖਤਾਂ ਨੂੰ ਪੜਚੋਲਣ ਪੜਤਾਲਣ ਤੇ ਪਤਾ ਚਲਦਾ ਹੈ ਕਿ ਗੁਰੂ ਜੀ ਉਸ ਸਮੇਂ ਗੋਇੰਦਵਾਲ ਵਿਖੇ ਹੀ ਨਹੀਂ ਸਨ।ਜਿਸ ਸਮੇਂ ਦੀ ਇਹ ਘਟਨਾ ਦੱਸੀ ਗਈ ਸੀ, ਉਸ ਸਮੇਂ ਸਤਿਗੁਰੂ ਪਾਤਸ਼ਾਹ ਤਰਨ ਤਾਰਨ ਵਿਖੇ ਸਨ।ਮਗਰਲੇ ਕਈ ਲਿਖਾਰੀਆਂ ਨੇ ਹੋਰ ਭੁਲੇਖਾ ਖਾ ਕੇ ਇਸ ਘਟਨਾ ਦਾ ਤਰਨ ਤਾਰਨ ਵਿਖੇ ਹੋਣਾ ਲਿਖ ਦਿਤਾ ਹੈ ਜੋ ਸਭ ਬੇਬੁਨਿਆਦ ਹੈ।ਅਸਲ ਗੱਲ ਤਾਂ ਉਤੇ ਦੱਸੀ ਜਾ ਚੁਕੀ ਹੈ ਕਿ ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਬੁਖਾਰੀ ਆਦਿਕਾਂ ਨੇ ਮਿਲ ਕੇ ਇਹ ਸਾਜਿਸ਼ ਜਹਾਂਗੀਰ ਨੂੰ ਗੁਰੂ ਅਰਜਨ ਦੇਵ ਜੀ ਦੇ ਖ਼ਿਲਾਫ਼ ਭੜਕਾਉਣ ਕਾਰਨ ਰਚੀ ਸੀ।ਗੁਰੂ ਅਰਜਨ ਦੇਵ ਜੀ ਦੇ ਗੁਰਮਤਿ ਪਰਚਾਰ ਨਾਲ ਨਿਸਚੇ ਹੀ ਸ਼ੇਖ ਅਹਿਮਦ ਦਾ ਸੁਫ਼ਨਾ ਪੂਰਾ ਨਹੀਂ ਸੀ ਹੋ ਸਕਦਾ ਤੇ ਇਸ ਭਾਂਤ ਉਸ ਵੱਲੋਂ ਗੁਰੂ ਅਰਜਨ ਦੇਵ ਜੀ ਨੂੰ ਇਸਲਾਮ ਦਾ ਵੱਡਾ ਵਿਰੋਧੀ ਮਿਥ ਲਿਆ ਗਿਆ ਸੀ।ਇਸਲਾਮ ਦੇ ਵਿਰੋਧੀਆਂ ਦਾ ਦਮਨ ਕਰਨ ਦਾ ਤਾਂ ਜਹਾਂਗੀਰ ਨੇ ਅੱਗੇ ਹੀ ਬਚਨ ਦਿਤਾ ਹੋਇਆ ਸੀ, ਉਤੋਂ ਖੁਸਰੋ ਦੀ ਮਦਦ ਕਰਨ ਦਾ ਦੋਸ਼ ਭਾਵੇਂ ਫ਼ਰਜ਼ੀ ਤੇ ਜਾਹਲੀ ਹੀ ਸੀ, ਪਰ ਜਹਾਂਗੀਰ ਦੀ ਭੜਕਾਹਟ ਵਿਚ ਬੇਹੱਦ ਵਾਧਾ ਕਰਦਾ ਸੀ।ਜਹਾਂਗੀਰ ਵੱਲੋਂ ਦਿਤੀ ਗਈ ਸਜ਼ਾ ਜਿਥੇ ਖੁਸਰੋ ਦੇ ਮਾਅਮਲੇ ਵਿਚ ਲਗਾਏ ਗਏ ਨਿਰਮੂਲ ਦੋਸ਼ ਦੇ ਆਧਾਰ ਉਤੇ ਜਹਾਂਗੀਰ ਦੀ ਨਿਜੀ ਬਦਲਾ ਲੈਣ ਦੀ ਭਾਵਨਾ ਨੂੰ ਪੂਰਿਆਂ ਕਰਦੀ ਸੀ, ਉਥੇ ਕੱਟੜ ਤੇ ਤੰਗ-ਦਿਲ ਮੁਸਲਮਾਨਾਂ ਵਿਚ ਤੁਸ਼ਟੀ, ਸੰਤੋਖ ਤੇ ਖੁਸ਼ੀ ਪੈਦਾ ਕਰਦੀ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਖੁਸਰੋ ਦੀ ਮਦਦ ਕਰਨ ਬਾਰੇ ਗੁਰੂ ਪਾਤਸ਼ਾਹ ਦੇ ਖ਼ਿਲਾਫ਼ ਕੀਤੀ ਸ਼ਿਕਾਇਤ ਬਿਲਕੁਲ ਬੇਬੁਨਿਆਦ ਜਾਂ ਨਿਰਮੂਲ ਸੀ, ਪਰ ਇਸ ਦਾ ਬੜਾ ਵੱਡਾ ਪ੍ਰਤਿਕਰਮ ਜਹਾਂਗੀਰ ਦੇ ਮਨ ਤੇ ਹੋਇਆ।ਉਹ ਸਾਰਾ ਪ੍ਰਤਿਕਰਮ ਉਸਦੀ ਸਵੈ-ਲਿਖਤ ਤੁਜ਼ਕਿ ਜਹਾਂਗੀਰੀ ਵਿਚ ਬਾਕਾਇਦਾ ਅੰਕਤ ਹੈ, ਜਿਸਨੂੰ ਹੇਠਾਂ ਦਰਸਾਇਆ ਜਾ ਰਿਹਾ ਹੈ।ਜਹਾਂਗੀਰ ਦੇ ਮਨ ਤੇ ਹੋਏ ਪ੍ਰਤਿਕਰਮ ਬਾਰੇ



Sri Satguru Jagjit Singh Ji eLibrary NamdhariElibrary@gmail.com

ਉਸਦੀ ਲਿਖੀ ਇਕ ਇਕ ਪੰਗਤੀ ਧਿਆਨ-ਪੂਰਨ ਵਿਵੇਚਨ ਅਤੇ ਵਿਚਾਰ ਮੰਗਦੀ ਹੈ।ਗੁਰੂ ਅਰਜਨ ਪਾਤਸ਼ਾਹ ਦੇ ਖ਼ਿਲਾਫ਼ ਸ਼ਿਕਾਇਤ ਤਾਂ ਬਿਲਕੁਲ ਬੇਬੁਨਿਆਦ ਹੈ, ਪਰ ਕਈ ਹੋਰ ਤੱਥ ਐਸੇ ਹਨ, ਜਿਹਨਾਂ ਦੀ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਸਚਾਈ ਦੀ ਤਹਿ ਤਕ ਪੁੱਜਣ ਅਤੇ ਸਹੀ ਇਤਿਹਾਸਕ ਨਿਰਨੇ ਕੱਢਣ ਲਈ ਇਹਨਾਂ ਦਾ ਠੀਕ ਠੀਕ ਸਰਵੇਖਣ ਜ਼ਰੂਰੀ ਹੈ।

ਜਹਾਂਗੀਰ ਨੇ ਇਸ ਸਬੰਧ ਵਿਚ ਤੁਜ਼ਕਿ-ਜਹਾਂਗੀਰੀ ਵਿਚ ਕੁਝ ਇਸ ਤਰ੍ਹਾਂ ਲਿਖਿਆ ਹੈ :

"ਗੋਇੰਦਵਾਲ ਵਿਚ, ਜੋ ਬਿਆਸ ਨਦੀ ਦੇ ਕਿਨਾਰੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਗੁਰੂ ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ।ਉਸਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬਹੁਤ ਸਾਰੇ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਭੀ ਆਪਣੀ ਰਹਿਤ ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਵਲੀ ਤੇ ਪੀਰ ਹੋਣ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ।ਲੋਕ ਉਸ ਨੂੰ ਗੁਰੂ ਕਹਿੰਦੇ ਸਨ।ਸਾਰਿਆਂ ਪਾਸਿਆਂ ਤੋਂ ਫ਼ਰੇਬੀ ਤੇ ਠੱਗੀ-ਪਸੰਦ ਲੋਕ ਉਸ ਕੋਲ ਆ ਕੇ ਉਸ ਉਤੇ ਪੂਰਾ ਏਤਕਾਦ ਅਤੇ ਸ਼ਰਧਾ ਦਾ ਇਜ਼ਹਾਰ ਕਰਦੇ ਸਨ।ਤਿੰਨ ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਇਹ ਦੁਕਾਨ ਗਰਮ ਸੀ।ਕਿਤਨੇ ਸਮੇਂ ਤੋਂ ਮੇਰੇ ਮਨ ਵਿਚ ਇਹ ਖ਼ਿਆਲ ਆਉਂਦਾ ਸੀ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮੱਤ ਵਿਚ ਲੈ ਆਉਣਾ ਚਾਹੀਦਾ ਹੈ।

ਇਹਨਾਂ ਦਿਨਾਂ ਵਿਚ ਹੀ ਖੁਸਰੋ ਨੇ ਇਹ ਦਰਿਆ ਪਾਰ ਕੀਤਾ।ਇਸ ਜਾਹਿਲ ਤੇ ਹਕੀਰ ਖੁਸਰੋ ਨੇ ਇਰਾਦਾ ਕੀਤਾ ਕਿ ਉਹ ਇਸ ਦੇ ਨਜ਼ਦੀਕ ਹੋਏ।ਉਸ ਨੇ ਗੁਰੂ ਦੇ ਰਹਿਣ ਦੇ ਡੇਰੇ ਤੇ ਆਪਣਾ ਪੜਾਅ ਕੀਤਾ।ਇਹ ਉਸ ਨੂੰ ਮਿਲਿਆ ਤੇ ਕਈ ਮਿਥੀਆਂ ਹੋਈਆਂ ਗੱਲਾਂ ਉਸ ਨੂੰ ਸੁਣਾਈਆਂ ਅਤੇ ਕੇਸਰ ਨਾਲ ਇਕ ਉਂਗਲੀ ਉਸ ਦੇ ਮੱਥੇ ਤੇ ਲਗਾਈ, ਜਿਸਨੂੰ ਹਿੰਦੂ ਤਿਲਕ ਕਹਿੰਦੇ ਹਨ ਅਤੇ ਚੰਗਾ ਸ਼ਗਨ ਕਰਕੇ ਸਮਝਦੇ ਹਨ।ਜਦ ਇਹ ਗੱਲ ਮੇਰੇ ਕੰਨਾਂ ਵਿਚ ਪਈ, ਤਦ ਮੈਂ ਅੱਗੇ ਹੀ ਇਹਨਾਂ ਦੇ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸੀ।ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ ਅਤੇ ਉਸ ਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕੀਤਾ ਜਾਵੇ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿਤਾ ਕਿ ਉਸਨੂੰ 'ਸਿਆਸਤ' ਅਤੇ 'ਯਾਸਾ' ਦੇ ਸਖ਼ਤ ਕਾਨੂੰਨ ਹੇਠ ਤਸੀਹੇ ਦੇ ਦੇ ਕੇ ਕਤਲ ਕਰ ਦਿਤਾ ਜਾਵੇ।"

ਉਪਰੋਕਤ ਹਵਾਲੇ ਵਿਚੋਂ ਹੇਠ ਲਿਖੇ ਨੁਕਤੇ ਚੰਗੀ ਤਰ੍ਹਾਂ ਸਮਝ ਲੈਣੇ ਚਾਹੀਦੇ ਹਨ:

(1) ਗੁਰੂ ਅਰਜਨ ਦੇਵ ਜੀ ਹਿੰਦੂ ਨਹੀਂ ਸਨ।ਉਹਨਾਂ ਦਾ ਆਪਣਾ ਇਕ



Sri Satguru Jagjit Singh Ji eLibrary NamdhariElibrary@gmail.com

ਸੰਪੂਰਨ ਤੇ ਸੁਤੰਤਰ ਮਤ ਸੀ।ਪਰ ਜਦ ਮੁਸਲਮਾਨਾਂ ਨੇ ਹਿੰਦ ਵਿਚ ਮੁਸਲਮਾਨੀ ਮਤ ਦਾ ਪਰਚਾਰ ਆਰੰਭ ਕੀਤਾ ਸੀ, ਉਸ ਵੇਲੇ ਮੁਖ ਰੂਪ ਵਿਚ ਵਿਰੋਧੀ ਮਤ ਹਿੰਦੂ ਮਤ ਹੀ ਨਜ਼ਰੰ ਆਉਂਦਾ ਸੀ।ਸੋ, ਗੁਰੂ ਅਰਜਨ ਪਾਤਸ਼ਾਹ ਨੂੰ ਇਸਲਾਮ-ਵਿਰੋਧੀ ਜਾਣ ਕੇ ਜਹਾਂਗੀਰ ਨੇ ਹਿੰਦੂ ਕਰਕੇ ਲਿਖਿਆ ਹੈ।

(2) ਪਿਛੇ ਬਿਆਨ ਕੀਤੇ ਜਾ ਚੁਕੇ ਸਾਡੇ ਇਸ ਵਿਚਾਰ ਦੀ ਜਹਾਂਗੀਰ ਦੀ ਇਸ ਲਿਖਤ ਤੋਂ ਪੁਸ਼ਟੀ ਹੋ ਜਾਂਦੀ ਹੈ ਕਿ ਬੇਸ਼ੁਮਾਰ ਹਿੰਦੂ ਸਿੱਖ ਮਤ ਦੇ ਦਾਇਰੇ ਵਿਚ ਆ ਚੁਕੇ ਸਨ ਤੇ ਧੜਾ ਧੜ ਆ ਰਹੇ ਸਨ।(ਇਸ ਸਚਾਈ ਨੂੰ ਤਾਂ "ਦਬਸਤਾਨਿ ਮਜ਼ਾਹਬ" ਦੇ ਕਰਤਾ ਨੇ ਇਹ ਲਿਖ ਕੇ ਮੰਨਿਆ ਹੈ ਕਿ ਹਰ ਇਕ ਗੁਰੂ ਜਾਮੇ ਵਿਚ ਸਿੱਖਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੁੰਦਾ ਗਿਆ ਅਤੇ ਗੁਰੂ ਅਰਜਨ ਦੇਵ ਜੀ ਤਕ ਆਉਂਦਿਆਂ ਇਹ ਗਿਣਤੀ ਬਹੁਤ ਵਧ ਗਈ ਸੀ।ਦੇਸ਼ ਵਿਚ ਬਹੁਤ ਘੱਟ ਸ਼ਹਿਰ ਜਾਂ ਕਸਬੇ ਐਸੇ ਸਨ, ਜਿਥੇ ਕੁਝ ਨਾ ਕੁਝ ਗਿਣਤੀ ਵਿਚ ਸਿੱਖ ਨਾ ਰਹਿੰਦੇ ਹੋਣ।)

(3) ਸਾਡੇ ਇਸ ਖ਼ਿਆਲ ਦੀ ਪ੍ਰੋੜਤਾ ਭੀ ਜਹਾਂਗੀਰ ਦੀ ਲਿਖਤ ਕਰ ਦਿੰਦੀ ਹੈ ਕਿ ਬਹੁਤ ਸਾਰੇ ਮੁਸਲਮਾਨ ਵੀ ਸਿੱਖ ਬਣ ਚੁਕੇ ਸਨ।ਇਹ ਗੱਲ ਵਖਰੀ ਹੈ ਕਿ ਉਹਨਾਂ ਮੁਸਲਮਾਨਾਂ ਨੂੰ ਜਹਾਂਗੀਰ ਆਪਣੀ ਤੰਗ-ਦਿਲੀ ਕਾਰਨ ਬੇਸਮਝ, ਮੂਰਖ ਅਤੇ ਜਾਹਲ ਗਿਣਦਾ ਹੈ।

(4) ਜਹਾਂਗੀਰ ਦੀ ਲਿਖਤ ਇਹ ਵੀ ਸਪੱਸ਼ਟ ਕਰਦੀ ਹੈ ਕਿ ਗੁਰੂ ਅਰਜਨ ਦੇਵ ਜੀ ਜ਼ਮਾਨੇ ਦੀ ਮਸ਼ਹੂਰ ਸ਼ਖਸੀਅਤ ਸਨ ਤੇ ਦੂਰ ਦੂਰ ਤਕ ਜਾਣੇ ਜਾਂਦੇ ਸਨ।

(5) ਇਹ ਲਿਖਤ ਇਸ ਹਕੀਕਤ ਵੱਲ ਭੀ ਇਸ਼ਾਰਾ ਕਰਦੀ ਹੈ ਕਿ ਦੂਰ ਦੁਰਾਡੇ ਤੋਂ ਸਿੱਖ ਆ ਕੇ ਆਪਣੇ ਆਪ ਨੂੰ ਗੁਰੂ ਘਰ ਨਾਲ ਸੰਬੰਧਤ ਕਰਦੇ ਸਨ ਅਤੇ ਗੁਰੂ ਨਾਨਕ ਗੱਦੀ ਦੀ ਸ਼ਾਨ ਬਹੁਤ ਚੜ੍ਹਦੀਆਂ ਕਲਾਂ ਵਿਚ ਸੀ।

(6) ਸਿੱਖਾਂ ਦੇ ਮਨਾਂ ਵਿਚ ਗੁਰੂ ਸਾਹਿਬ ਲਈ ਅਟੁਟ ਸ਼ਰਧਾ ਤੇ ਪੂਰਾ ਪੂਰਾ ਭਰੋਸਾ ਅਰ ਯਕੀਨ ਸੀ।

(7) ਜਹਾਂਗੀਰ ਚੂੰਕਿ ਅਜੇ ਨਵਾਂ ਨਵਾਂ ਹੀ ਸ਼ੇਖ ਅਹਿਮਦ ਸਰਹੰਦੀ ਦੀ ਵਿਚਾਰਧਾਰਾ ਦੇ ਪ੍ਰਭਾਵ ਹੇਠਾਂ ਆਇਆ ਸੀ, ਇਸ ਲਈ "ਨਵਾਂ ਨਵਾਂ ਮੁਸਲਮਾਨ ਅੱਲਾ ਅੱਲਾ ਪੁਕਾਰੇ" ਦੀ ਲੋਕ ਉਕਤੀ ਮੁਤਾਬਕ ਉਸ ਨੇ "ਇਸਲਾਮ ਦਾ ਬਾਦਸ਼ਾਹ" ਹੋਣ ਦਾ ਸਬੂਤ ਵੀ ਦਿਤਾ ਹੈ।ਉਹ ਤੰਗ ਦਿਲ, ਮੁਤੱਅਸਬੀ ਰਵਈਏ ਕਾਰਨ ਸੰਸਾਰ ਦੇ ਇਕ ਮਾਤਰ ਸਚਾਈ ਅਤੇ ਨੇਕੀ ਦੇ ਘਰ ਨੂੰ "ਝੂਠ ਦੀ ਦੁਕਾਨ" ਕਰਕੇ ਸੰਬੋਧਨ ਕਰਦਾ ਹੈ।

(8) ਤਖ਼ਤ ਲੈਣ ਤੋਂ ਪਹਿਲੇ ਸ਼ੇਖ ਬੁਖਾਰੀ ਅਤੇ ਕੱਟੜ ਮੁਸਲਮਾਨਾਂ ਨਾਲ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਜਹਾਂਗੀਰ ਨੇ ਜੋ ਵਾਇਦੇ ਕੀਤੇ ਸਨ, ਉਸਦਾ ਭੀ ਉਸਨੂੰ ਪੂਰਨ ਚੇਤਾ ਸੀ।ਉਹ ਵਾਇਦੇ ਸਨ, ਗੈਰ-ਮੁਸਲਿਮ ਕਾਫ਼ਰਾਂ ਦੇ ਦਮਨ ਜਾਂ ਕੁਚਲਣ ਬਾਰੇ।ਉਸ ਨੇ ਸਪੱਸ਼ਟ ਮੰਨਿਆ ਹੈ ਕਿ ਉਹ ਕਾਫ਼ੀ ਦਿਨਾਂ ਤੋਂ ਸਿੱਖੀ ਦੇ ਇਸ ਮਹਾਨ ਸੋਮੇ ਨੂੰ ਬੰਦ ਕਰਨ ਬਾਰੇ ਸੋਚ ਰਿਹਾ ਸੀ।ਇਹੋ ਗੱਲ ਹੀ ਦਰਅਸਲ ਗੁਰੂ ਅਰਜਨ ਪਾਤਸ਼ਾਹ ਦੀ ਸ਼ਹੀਦੀ ਦਾ ਮੁੱਖ ਕਾਰਨ ਹੈ।

(9) ਖੁਸਰੋ ਨੂੰ ਗੁਰੂ ਅਰਜਨ ਦੇਵ ਜੀ ਦੇ ਮਿਲਣ ਤੇ ਸਹਾਇਤਾ ਲੈਣ ਬਾਰੇ ਜੋ ਬੇਬੁਨਿਆਦ ਸ਼ਿਕਾਇਤ ਇਕ ਸਾਜ਼ਸ਼ ਅਧੀਨ ਜਹਾਂਗੀਰ ਨੂੰ ਕੀਤੀ ਗਈ ਸੀ, ਉਸਦਾ ਵੀ ਸਪੱਸ਼ਟ ਜ਼ਿਕਰ ਹੈ।ਇਸ ਸ਼ਿਕਾਇਤ ਵਿਚ ਇਹੋਂ ਗੱਲ ਸੀ ਕਿ ਬਿਆਸ ਦੇ ਕਿਨਾਰੇ ਗੋਇੰਦਵਾਲ ਵਿਖੇ ਖੁਸਰੋ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ ਅਤੇ ਉਸਨੇ ਗੁਰੂ ਸਾਹਿਬ ਪਾਸੋਂ ਸਹਾਇਤਾ ਅਤੇ ਅਸ਼ੀਰਵਾਦ ਪ੍ਰਾਪਤ ਕੀਤੀ।ਚੂੰਕਿ ਗੁਰੂ ਅਰਜਨ ਦੇਵ ਜੀ ਉਹਨਾਂ ਦਿਨਾਂ ਵਿਚ ਗੋਇੰਦਵਾਲ ਵਿਖੇ ਹੀ ਨਹੀਂ ਸਨ, ਇਹ ਸਾਰੀ ਗੱਲ ਇਕ ਘ੍ਰਿਣਤ ਸਾਜ਼ਿਸ਼ ਦੇ ਰੂਪ ਵਿਚ ਜ਼ਾਹਿਰ ਹੋ ਜਾਂਦੀ ਹੈ।

(10) ਗੁਰੂ ਜੀ ਵੱਲੋਂ ਖੁਸਰੋ ਦੇ ਮੱਥੇ ਉਤੇ ਕੇਸਰ ਦਾ ਟਿੱਕਾ ਉਂਗਲੀ ਨਾਲ ਲਗਾਉਣ ਦਾ ਜ਼ਿਕਰ ਵੀ ਕੀਤਾ ਗਿਆ ਹੈ, ਜਿਸ ਬਾਰੇ ਉਸਨੇ ਆਪ ਲਿਖਿਆ ਹੈ ਕਿ ਹਿੰਦੂ ਇਸਨੂੰ ਤਿਲਕ ਕਹਿੰਦੇ ਹਨ ਤੇ ਇਸਨੂੰ ਚੰਗਾ ਸ਼ਗਨ ਕਰਕੇ ਮੰਨਦੇ ਹਨ।ਝੂਠ ਦੇ ਕਦੀ ਪੈਰ ਨਹੀਂ ਹੋਏ।ਥੋੜ੍ਹੀ ਜਿਹੀ ਪੜਚੋਲ ਕਰਨ ਨਾਲ ਹੀ ਝੂਠੀ ਗੱਲ ਆਪੇ ਜ਼ਾਹਿਰ ਹੋ ਜਾਂਦੀ ਹੈ।ਅਸੀਂ ਤਾਂ ਉਪਰ ਦੱਸ ਹੀ ਚੁਕੇ ਹਾਂ ਕਿ ਜਹਾਂਗੀਰ ਦੇ ਤਖ਼ਤ ਉਤੇ ਬੈਠਣ ਪਿਛੋਂ ਖੁਸਰੋ ਕਦੀ ਵੀ ਗੁਰੂ ਅਰਜਨ ਦੇਵ ਜੀ ਨੂੰ ਨਹੀਂ ਮਿਲ ਸਕਿਆ।ਸੋ ਤਿਲਕ ਲਗਾਉਣ ਤੇ ਆਸ਼ੀਰਵਾਦ ਦੇਣ ਦੀ ਘਟਨਾ ਤਾਂ ਆਪ ਹੀ ਬੇ-ਬੁਨਿਆਦ ਹੈ।ਖ਼ੂਬਸੂਰਤ ਪਹਿਲੂ ਇਹ ਹੈ ਕਿ ਇਹ ਝੂਠ ਆਪੇ ਉਘੜ ਆਉਂਦਾ ਹੈ।ਪਹਿਲੇ ਸਤਿਗੁਰੂਆਂ ਕੋਲ ਵੀ ਹਮਾਯੂੰ, ਅਕਬਰ ਆਦਿਕ ਬਾਦਸ਼ਾਹ ਆਉਂਦੇ ਰਹੇ, ਪਰ ਸਾਰੇ ਪਹਿਲੇ ਹੋ ਚੁਕੇ ਸਿੱਖ ਇਤਿਹਾਸ ਵਿਚ ਕਿਤੇ ਇਕ ਵੀ ਐਸਾ ਇਸ਼ਾਰਾ ਨਹੀਂ ਮਿਲਦਾ ਕਿ ਕਿਸੇ ਸਤਿਗੁਰੂ ਨੇ ਕਦੀ ਵੀ ਕਿਸੀ ਬਾਦਸ਼ਾਹ, ਨਵਾਬ, ਰਾਜੇ ਮਹਾਰਾਜੇ ਜਾਂ ਅਮੀਰ-ਵਜ਼ੀਰ ਨੂੰ ਕਦੀ ਕਿਸੇ ਕਿਸਮ ਦਾ ਤਿਲਕ ਲਗਾਇਆ ਹੋਵੇ।ਐਸੀ ਫੋਕੀ ਰਸਮ ਗੁਰੂ ਘਰ ਵਿਚ ਕਦੀ ਭੀ ਨਹੀਂ ਰਹੀ।ਫਿਰ ਜਹਾਂਗੀਰ ਦਾ ਇਹ ਲਿਖਣਾ ਕਿ ਹਿੰਦੂ ਇਸ ਨੂੰ ਚੰਗਾ ਸ਼ਗਨ ਕਰ ਕੇ ਮੰਨਦੇ ਹਨ, ਇਸ ਝੂਠ ਨੂੰ ਅਤੇ ਸਾਜ਼ਿਸ਼ ਭਰੀ ਸ਼ਿਕਾਇਤ ਜਾਂ ਚੁਗਲੀ ਨੂੰ ਹੋਰ ਜਿਆਦਾ ਉਘਾੜ ਦਿੰਦਾ ਹੈ।ਹਿੰਦੂ ਕਿਸੇ ਚੀਜ਼ ਨੂੰ ਚੰਗਾ ਸਮਝਣ ਜਾਂ ਮਾੜਾ, ਇਸ ਨਾਲ ਗੁਰੂ ਜੀ ਦਾ ਕੀ ਮਤਲਬ ? ਕਿਸੇ ਸਤਿਗੁਰੂ ਨੇ ਨਾ ਤਾਂ ਕਦੀ ਇਹ ਮੰਨਿਆ ਹੈ ਕਿ ਉਹ ਹਿੰਦੂ ਹਨ ਤੇ ਨਾ ਹੀ ਉਹਨਾਂ ਨੇ ਕਿਸੇ ਹਿੰਦੂ ਵਿਚਾਰ ਜਾਂ ਰਸਮ ਨੂੰ ਹੀ ਗੁਰਮਤਿ ਵਿਚ ਪ੍ਰਵਾਨ



Sri Satguru Jagjit Singh Ji eLibrary NamdhariElibrary@gmail.com

ਕੀਤਾ ਹੈ।ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਦਾ ਸ਼ਬਦ "ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰ ਨਾਈ" ਚਾੜ੍ਹਨ ਸਮੇਂ ਭੀ ਉਹ ਜਾਣਦੇ ਸਨ ਕਿ ਇਸ ਸ਼ਬਦ ਨਾਲ ਦੋਹਾਂ ਮਤਾਂ ਦੇ ਧਾਰਮਕ ਆਗੂ ਬ੍ਰਾਹਮਣ ਅਤੇ ਮੁਲਾਣੇ ਅਵੱਸ਼ ਦੁਖੀ ਹੋਣਗੇ, ਪਰ ਸੱਚ ਦੇ ਪ੍ਰਕਾਸ਼ ਕਰਨ ਸਮੇਂ ਉਹਨਾਂ ਨੇ ਕਦੀ ਹਿੰਦੂ ਜਾਂ ਮੁਸਲਮਾਨ ਦੇ ਖੁਸ਼ ਜਾਂ ਨਾ-ਖੁਸ਼ ਹੋਣ ਬਾਰੇ ਚਿੰਤਾ ਨਹੀਂ ਕੀਤੀ।ਫਿਰ ਸ਼ਗਨ ਜਾਂ ਅਪਸ਼ਗਨ ਦਾ ਤਾਂ ਸਿੱਖ ਮਤ ਵਿਚ ਮੁੱਢੋਂ ਹੀ ਖੰਡਨ ਕੀਤਾ ਗਿਆ ਹੈ।ਸੋ, ਇਸ ਭਾਂਤ ਇਹ ਤੱਥ ਵਿਚਾਰਨ ਤੇ ਆਪੇ ਉਘੜ ਆਉਂਦਾ ਹੈ ਕਿ ਖੁਸਰੋ ਦੀ ਸਤਿਗੁਰਾਂ ਨਾਲ ਮਿਲਣੀ ਦੀ ਮਨਘੜਤ ਕਥਾ ਕੇਵਲ ਸਾਜ਼ਿਸ਼ੀ ਦਿਮਾਗ ਦੀ ਹੀ ਕਾਢ ਸੀ।

(11) ਗੁਰੂ ਅਰਜਨ ਦੇਵ ਜੀ ਜੈਸੇ ਮਹਾਨ ਧਾਰਮਕ ਆਗੂ ਜੋ ਹਿੰਦੂਆਂ ਅਤੇ ਸਾਊ ਮੁਸਲਮਾਨਾਂ ਪਾਸੋਂ ਇਕੋ ਜਿਹਾ ਸਤਕਾਰ ਤੇ ਪਿਆਰ ਪ੍ਰਾਪਤ ਕਰ ਰਹੇ ਸਨ, ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰਨ ਦਾ ਹੁਕਮ ਬਾਦਸ਼ਾਹ ਤੋਂ ਬਿਨਾਂ ਹੋਰ ਕੋਈ ਜਾਰੀ ਨਹੀਂ ਸੀ ਕਰ ਸਕਦਾ।ਜ਼ੁਲਮ ਤੇ ਬੇਇਨਸਾਫੀ ਭਰਿਆ ਅਤੇ ਸਚਾਈ ਦਾ ਸਰਾਸਰ ਵਿਰੋਧੀ ਇਹ ਹੁਕਮ ਜਹਾਂਗੀਰ ਨੇ ਆਪ ਹੀ ਜਾਰੀ ਕਰਨਾ ਇਸ ਲਿਖਤ ਵਿਚ ਸਪਸ਼ਟ ਮੰਨਿਆ ਹੈ।

(12) ਗੁਰੂ ਮਹਾਰਾਜ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰਨ ਦੇ ਇਸ ਕਾਲੇ ਹੁਕਮ ਨੂੰ ਮੁਰਤਜ਼ਾ ਖ਼ਾਨ ਰਾਹੀਂ ਅਮਲ ਵਿੱਚ ਲਿਆਂਦਾ ਗਿਆ।ਇਹ ਮੁਰਤਜ਼ਾ ਖ਼ਾਨ ਹੋਰ ਕੋਈ ਨਹੀਂ, ਸ਼ੇਖ ਅਹਿਮਦ ਸਰਹੰਦੀ ਦਾ ਸਭ ਤੋਂ ਵੱਡਾ ਅਤੇ ਪ੍ਰਭਾਵਸ਼ਾਲੀ ਚੇਲਾ ਸ਼ੇਖ ਫਰੀਦ ਬੁਖਾਰੀ ਹੀ ਸੀ, ਜਿਸ ਨੂੰ ਸ਼ਾਹੀ ਖ਼ਿਦਮਤ ਕਰਨ ਦੀ ਵਜ੍ਹਾ ਨਾਲ ਮੁਰਤਜ਼ਾ ਖ਼ਾਨ ਦੀ ਉਚੀ ਉਪਾਧੀ ਨਾਲ ਸੁਸ਼ੋਭਿਤ ਕੀਤਾ ਗਿਆ ਸੀ।

ਉਪਰੋਕਤ ਸ਼ਾਹੀ ਹੁਕਮ ਮੁਤਾਬਕ ਗੁਰੂ ਜੀ ਨੂੰ ਲਾਹੌਰ ਸੱਦਿਆ ਗਿਆ ਅਤੇ ਗ੍ਰਿਫਤਾਰ ਕਰ ਕੇ ਪਹਿਲਾਂ ਹੀ ਗਿਣੀ ਮਿਥੀ ਸਾਜ਼ਿਸ਼ ਅਤੇ ਸਕੀਮ ਮੁਤਾਬਕ ਕਹਿਰ ਤੇ ਜ਼ੁਲਮ ਢਾਹੇ ਗਏ ਅਤੇ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ ਗਿਆ।ਭੁਖਾ, ਪਿਆਸਾ ਰੱਖ ਕੇ ਦੇਗ ਵਿਚ ਉਬਾਲਿਆ ਗਿਆ।ਤੱਤੀ ਤਵੀ ਤੇ ਬਿਠਾਇਆ ਗਿਆ, ਸੜਦੀ-ਬਲਦੀ ਰੇਤ ਸਰੀਰ ਉਤੇ ਪਾ ਕੇ ਸਰੀਰ ਛਾਲੇ ਛਾਲੇ ਕਰ ਦਿਤਾ ਗਿਆ।ਚਾਰ ਦਿਨ ਇਹੋ ਜਿਹੇ ਖ਼ੌਫ਼ਨਾਕ ਤਸੀਹੇ ਦੇਣ ਉਪਰੰਤ ਗੁਰੂ ਜੀ ਨੂੰ ਹੋਰ ਕਸ਼ਟ ਦੇਣ ਦੀ ਨੀਅਤ ਨਾਲ ਛਾਲਿਆਂ ਨਾਲ ਫਿਸੇ ਸਾਰੇ ਸਰੀਰ ਨੂੰ ਰਾਵੀ ਦੇ ਠੰਢੇ ਜਲ ਵਿਚ ਡੁਬੋ ਕੇ ਸਤਿਗੁਰਾਂ ਨੂੰ ਸ਼ਹੀਦ ਕਰ ਦਿਤਾ ਗਿਆ।

ਸਤਿਗੁਰਾਂ ਨੇ ਸਚਾਈ ਤੇ ਧਰਮ ਦੀ ਬਿਰਧੀ ਲਈ ਕਸ਼ਟ ਸਹਿਣ, ਅਡੋਲ ਚਿੱਤ ਰਹਿਣ ਅਤੇ ਖਿੜੇ ਮੱਥੇ ਰਹਿ ਕੇ ਭਾਣੇ ਅੰਦਰ ਰਾਜ਼ੀ ਰਹਿਣ ਦਾ ਲਾਸਾਨੀ



Sri Satguru Jagjit Singh Ji eLibrary NamdhariElibrary@gmail.com

ਅਤੇ ਬੇਮਿਸਾਲ ਕਾਰਨਾਮਾ ਕਰ ਕੇ ਆਉਣ ਵਾਲੀਆਂ ਸਮੂਹ ਸਿੱਖ ਨਸਲਾਂ ਨੂੰ ਗੁਰਮਤਿ ਅਤੇ ਸਿੱਖੀ ਦੇ ਵਿਕਾਸ ਲਈ ਬੇਪਨਾਹ ਕਸ਼ਟ ਸਹਿ ਸਕਣ ਅਤੇ ਸਦਾ ਚੜ੍ਹਦੀ ਕਲਾ ਤੇ ਵਾਧੇ ਵੱਲ ਜਾਣ ਦਾ ਅਮਲੀ ਸਬਕ ਸਿਖਾਇਆ।ਜ਼ੁਲਮ, ਤਸ਼ੱਦਦ ਅਤੇ ਅਨਿਆਂ ਵਿਰੁੱਧ ਫ਼ਤਹਿ ਪਾਉਣ ਤਕ ਲੜਨ ਤੇ ਜੂਝਣ ਦਾ ਜੋ ਅਮੁਕ ਬਲ ਸਿੱਖਾਂ ਦੇ ਮਗਰਲੇ ਸਾਰੇ ਇਤਿਹਾਸ ਵਿਚ ਸੈਂਕੜੇ ਅਤੇ ਹਜ਼ਾਰਾਂ ਮਰਜੀਵੜੇ ਸਿੱਖਾਂ ਨੇ ਪ੍ਰਗਟ ਤੌਰ ਤੇ ਜ਼ਾਹਿਰ ਕੀਤਾ, ਉਸ ਸਭ ਕਾਸੇ ਲਈ ਰੋਸ਼ਨੀ ਦੇਣ ਦਾ ਮਹਾਨ ਕੰਮ ਸਤਿਗੁਰੂ ਅਰਜਨ ਦੇਵ ਜੀ ਦੀ ਦ੍ਰਿੜ੍ਹਤਾ, ਅਡੋਲਤਾ ਤੇ ਸੂਰਮਗਤੀ ਨੇ ਹੀ ਕੀਤਾ।

ਸੋ, ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰਵਾ ਦੇਣ ਵਿਚ ਸਭ ਤੋਂ ਵੱਧ ਖੁਸ਼ੀ ਕੱਟੜ, ਤੰਗ-ਦਿਲ ਤੇ ਮੁਤਅਸਬੀ ਮੁਸਲਮਾਨਾਂ ਦੇ ਇਕ ਮਾਤਰ ਆਗੂ ਸ਼ੇਖ ਅਹਿਮਦ ਸਰਹੰਦੀ ਨੂੰ ਹੀ ਹੋਣੀ ਸੀ।ਇਹ ਖੁਸ਼ੀ ਉਸਨੇ ਲੁਕੋ ਕੇ ਨਹੀਂ ਰੱਖੀ।“ਮਕਤੂਬਾਤਿ-ਇਮਾਮ ਰਬਾਨੀ” ਦੀ ਚਿਠੀ ਨੰਬਰ 193, ਜੋ ਉਸ ਨੇ ਆਪਣੇ ਸਭ ਤੋਂ ਮੁਖੀ ਚੇਲੇ ਸ਼ੇਖ ਬੁਖਾਰੀ ਨੂੰ ਲਿਖੀ ਸੀ, ਦੀ ਬੋਲੀ ਅਤੇ ਮਸਾਲਾ ਉਸ ਦੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਤੇ ਮਹਿਸੂਸ ਕੀਤੀ ਬੇਹੱਦ ਖੁਸ਼ੀ ਦੇ ਨਾਲ ਨਾਲ ਉਸ ਦੀਆਂ ਉਪਰੋਕਤ ਬਿਆਨ ਕੀਤੀਆਂ ਜ਼ਾਤੀ ਰੁਚੀਆਂ ਤੇ ਰੁਝਾਨਾਂ ਦਾ ਜਿਊਂਦਾ ਜਾਗਦਾ ਪ੍ਰਮਾਣ ਹੈ :

“ਗੋਇੰਦਵਾਲ ਦੇ ਇਸ ਭ੍ਰਿਸ਼ਟ ਕਾਫ਼ਰ (ਗੁਰੂ ਅਰਜਨ ਦੇਵ ਜੀ) ਦੀ ਮੌਤ ਸਾਡੀ ਇਕ ਬੜੀ ਵੱਡੀ ਪ੍ਰਾਪਤੀ ਅਤੇ ਜਿੱਤ ਹੈ ਅਤੇ ਇਸ ਨਾਲ ਘ੍ਰਿਣਤ ਹਿੰਦੂਆਂ ਨੂੰ ਭੀ ਇਕ ਵੱਡੀ ਤੇ ਜ਼ਲਾਲਤ ਭਰੀ ਹਾਰ ਹੋਈ ਹੈ।ਭਾਵੇਂ ਉਸਨੂੰ ਕਿਸੇ ਤਰ੍ਹਾਂ ਮਾਰਿਆ ਗਿਆ, ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਖ਼ਤਮ ਕੀਤਾ ਗਿਆ, ਇਸ ਨਾਲ ਸਮੂਹ ਕਾਫ਼ਰਾਂ ਦਾ ਭਾਰੀ ਹਾਨੀ ਹੋਈ ਹੈ ਅਤੇ ਸਮੂਹ ਮੁਸਲਮਾਨਾਂ ਲਈ ਇਹ ਬੜੇ ਫਾਇਦੇ ਅਤੇ ਵਾਧੇ ਦੀ ਘਟਨਾ ਹੈ।ਇਸ ਕਾਫ਼ਰ (ਗੁਰੂ ਅਰਜਨ ਦੇਵ ਜੀ) ਦੇ ਕਤਲ ਹੋਣ ਤੋਂ ਪਹਿਲਾਂ ਮੈਨੂੰ ਇਕ ਬੜਾ ਚੰਗਾ ਸੁਫ਼ਨਾ ਭੀ ਆਇਆ ਸੀ, ਜਿਸ ਵਿਚ ਮੈਂ ਤੱਕਿਆ ਸੀ ਕਿ ਬਾਦਸ਼ਾਹ ਜਹਾਂਗੀਰ ਨੇ ਕੁਫ਼ਰ ਦਾ ਸਿਰ ਕੁਚਲ ਦਿਤਾ ਹੈ।ਇਸ ਵਿਚ ਸ਼ੱਕ ਹੀ ਨਹੀਂ ਕਿ ਇਹ ਕਾਫ਼ਰ (ਗੁਰੂ ਅਰਜਨ ਦੇਵ ਜੀ) ਧਰਮ ਹੀਣੇ ਲੋਕਾਂ ਦਾ ਸਿਰਮੌਰ ਤੇ ਕਾਫ਼ਰਾਂ ਦਾ ਵੱਡਾ ਮੁਖੀ ਸੀ।”

ਮਕਤੂਬਾਤਿ-ਇਮਾਮਿ-ਰਬਾਨੀ ਦੀ ਉਪਰੋਕਤ ਚਿੱਠੀ ਨੰਬਰ 193 ਤੋਂ ਤਾਂ ਸਾਰੀ ਗੱਲ ਹੀ ਸਪੱਸ਼ਟ ਹੋਈ ਪਈ ਹੈ।ਇਸ ਚਿੱਠੀ ਤੋਂ ਹੇਠ ਲਿਖੀਆਂ ਸਚਾਈਆਂ ਉਤੋਂ ਪੂਰੀ ਤਰ੍ਹਾਂ ਪਰਦਾ ਚੁਕਿਆ ਗਿਆ ਹੈ, ਜਿਸਦੇ ਆਧਾਰ ਉਤੇ ਪੰਜਾਬ ਦੇ



Sri Satguru Jagjit Singh Ji eLibrary NamdhariElibrary@gmail.com

ਇਤਿਹਾਸ ਵਿਚ ਉਭਰੀ ਹੋਈ ਤੇ ਦੀਰਘ ਸਮੇਂ ਤਕ ਚਾਲੂ ਰਹੀ ਸਿੱਖ ਜਦੋ ਜਹਿਦ ਦਾ ਪਿਛੋਕੜ ਸਮਝਣ ਵਿਚ ਕੋਈ ਭੁਲੇਖਾ ਬਾਕੀ ਨਹੀਂ ਰਹਿ ਜਾਂਦਾ :···

(1) ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਦੇ ਪਿਛੇ ਇਕ ਵੱਡੀ ਦੁਸ਼ਟ ਆਤਮਾ ਸ਼ੇਖ ਅਹਿਮਦ ਨੇ ਹੀ ਕੰਮ ਕੀਤਾ ਹੈ।

(2) ਇਹ ਸ਼ੇਖ ਅਹਿਮਦ ਪੁੱਜ ਕੇ ਕੱਟੜ ਫ਼ਿਰਕਾਪ੍ਰਸਤ, ਤੰਗਦਿਲ ਤੇ ਈਰਖਾਲੂ ਸੀ।

(3) ਸ਼ੇਖ ਅਹਿਮਦ ਦਾ ਇਕ ਮਾਤਰ ਨਿਸ਼ਾਨਾ ਸਾਰੇ ਹਿੰਦ ਵਿਚ ਇਕ ਛਤਰ ਇਸਲਾਮ ਦਾ ਆਪਣੇ ਢੰਗ ਨਾਲ ਪਰਚਾਰ ਕਰ ਦੇਣਾ ਸੀ।

(4) ਸ਼ੇਖ ਅਹਿਮਦ ਦੇ ਅਨੁਸਾਰ ਹੋਰ ਕਿਸੇ ਮਤ ਨੂੰ ਜ਼ਿੰਦਾ ਰਹਿਣ ਦੇਣਾ ਵੀ ਇਸਲਾਮੀ ਸਿਧਾਂਤਾਂ ਦੇ ਸਖ਼ਤ ਖ਼ਿਲਾਫ਼ ਸੀ।

(5) ਗੁਰੂ ਅਰਜਨ ਪਾਤਸ਼ਾਹ ਸ਼ੇਖ ਦੇ ਇਸ ਸੁਫ਼ਨੇ ਨੂੰ ਸਾਕਾਰ ਨਹੀਂ ਸੀ ਹੋਣ ਦੇ ਰਹੇ···ਐਸਾ ਸ਼ੇਖ ਦਾ ਦ੍ਰਿੜ੍ਹ ਵਿਸ਼ਵਾਸ ਬਣਿਆ ਪਿਆ ਸੀ।(ਸਿੱਖ ਮਤ ਦੇ ਪਰਚਾਰ ਦਾ ਇਤਿਹਾਸ ਅਤੇ ਤੁਜ਼ਕਿ-ਜਹਾਂਗੀਰੀ ਦਾ ਹਵਾਲਾ ਗੁਰੂ ਅਰਜਨ ਪਾਤਸ਼ਾਹ ਦਾ ਸਰਬ-ਵਿਆਪਕ ਡੂੰਘਾ ਪਰਭਾਵ ਸਪੱਸ਼ਟ ਹੀ ਜ਼ਾਹਿਰ ਕਰਦੇ ਹਨ।) ਸਿੱਖ ਲਹਿਰ ਦਾ ਭਰਪੂਰ ਵਾਧਾ ਅਤੇ ਇਸ ਕਾਰਨ ਸ਼ੇਖ ਅਹਿਮਦ ਦੀ ਇਸਲਾਮੀ ਪਰਚਾਰ ਦੀ ਲਹਿਰ ਵਿਚ ਪੈ ਚੁਕੀ ਭਾਰੀ ਰੁਕਾਵਟ ਹੀ ਦਰ-ਹਕੀਕਤ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਦਾ ਮੂਲ ਕਾਰਨ ਸੀ।

(6) ਗੁਰੂ ਅਰਜਨ ਦੇਵ ਜੀ ਅਤੇ ਉਹਨਾਂ ਦੀ ਸਿੱਖ ਲਹਿਰ ਦਾ ਟਾਕਰਾ ਕਰਨ ਵਿਚ ਨਾਕਾਮਯਾਬੀ ਹੋ ਜਾਣ ਕਾਰਨ ਸ਼ੇਖ ਵੱਲੋਂ ਗੁਰੂ ਜੀ ਉਤੇ ਬੇ-ਬੁਨਿਆਦ ਤੁਹਮਤਾਂ, ਸਾਜਿਸ਼ਾਂ ਤੇ ਬਹਾਨੇ ਘੜਨ ਦੀ ਸਚਾਈ ਵੀ ਉਪਰੋਕਤ ਚਿੱਠੀ ਤੋਂ ਉਘੜ ਪੈਂਦੀ ਹੈ ਅਤੇ ਇਹਨਾਂ ਸਾਜਿਸ਼ਾਂ ਤੇ ਬਹਾਨਿਆਂ ਦਾ ਆਸਰਾ ਲੈ ਕੇ ਹੀ (ਜਿਵੇਂ ਕਿ ਅਸੀਂ ਪਹਿਲੇ ਹੀ ਵਿਸਥਾਰ ਨਾਲ ਬਿਆਨ ਕਰ ਚੁਕੇ ਹਾਂ) ਸ਼ੇਖ ਅਹਿਮਦ ਨੇ ਗੁਰੂ ਅਰਜਨ ਦੇਵ ਜੀ ਨੂੰ ਰਾਜ ਸ਼ਕਤੀ ਦੀ ਕ੍ਰੋਪੀ ਦਾ ਸ਼ਿਕਾਰ ਬਣਾਉਣ ਦੀ ਵਿਉਂਤ ਬਣਾਈ ਸੀ।

(7) ਆਪਣੀ ਇਸ ਨਾਪਾਕ ਵਿਉਂਤ ਦੀ ਸਫ਼ਲਤਾ ਹੋ ਜਾਣ ਤੇ ਸ਼ੇਖ ਅਹਿਮਦ ਨੇ ਬੇਬਹਾ ਖੁਸ਼ੀ ਮਹਿਸੂਸ ਕੀਤੀ, ਜਿਸ ਦਾ ਕਾਰਨ ਸਿਰਫ ਉਸਦੇ ਹਿਰਦੇ ਵਿਚ ਲਟ ਲਟ ਬਲਦੀ ਗੁਰੂ ਜੀ ਪ੍ਰਤੀ ਈਰਖਾ ਦੀ ਅੱਗ ਹੀ ਸੀ।

ਪਿਛੇ ਬਿਆਨ ਕੀਤੇ ਜਾ ਚੁਕੇ ਵਿਸਥਾਰ ਤੋਂ ਸਿੱਧ ਹੋ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਿਚ ਮੁਖ ਰੋਲ ਸ਼ੇਖ ਅਹਿਮਦ ਸਰਹੰਦੀ ਦਾ ਹੈ।ਸ਼ੇਖ



Sri Satguru Jagjit Singh Ji eLibrary NamdhariElibrary@gmail.com

ਅਹਿਮਦ ਨੇ ਆਪਣੀ ਇਸ ਨਾਪਾਕ ਸਾਜਿਸ਼ ਅਤੇ ਨਾਪਾਕ ਇਰਾਦਿਆਂ ਦੀ ਕਾਮਯਾਬੀ ਲਈ ਸ਼ੇਖ ਫ਼ਰੀਦ ਬੁਖਾਰੀ-ਮੁਰਤਜ਼ਾ ਖ਼ਾਨ ਨੂੰ ਵਰਤਿਆ।ਸ਼ੇਖ ਫ਼ਰੀਦ ਬੁਖਾਰੀ ਨੂੰ ਇਸ ਲਈ ਸ਼ੇਖ ਅਹਿਮਦ ਦੇ ਸਮੂਹ ਕੱਟੜ ਤੇ ਜਨੂੰਨੀ ਮੁਸਲਮਾਨ ਚੇਲਿਆਂ ਨੇ ਭਰਵਾਂ ਸਾਥ ਦਿਤਾ ਹੈ।ਬਾਦਸ਼ਾਹ ਜਹਾਂਗੀਰ ਨੇ ਭੀ ਗੁਰੂ ਸਾਹਿਬ ਦੀ ਸ਼ਹਾਦਤ ਵਿਚ ਅਹਿਮ ਰੋਲ ਅਦਾ ਕੀਤਾ ਹੈ।ਇਸ ਰੋਲ ਦਾ ਮੂਲ ਕਾਰਨ ਸ਼ੇਖ ਫ਼ਰੀਦ ਬੁਖਾਰੀ ਅਤੇ ਉਸਦੇ ਹਿਮਾਇਤੀ ਤੰਗਦਿਲ ਜਨੂੰਨੀ ਮੁਸਲਮਾਨ ਹੀ ਹਨ, ਜਿਨ੍ਹਾਂ ਦੀ ਮਦਦ ਬਿਨਾਂ ਜਹਾਂਗੀਰ ਦਾ ਤਖ਼ਤ ਉਤੇ ਬੈਠ ਸਕਣਾ ਨਾ ਮੁਮਕਿਨ ਜਿਹੀ ਗੱਲ ਸੀ।ਬਾਦਸ਼ਾਹ ਜਹਾਂਗੀਰ ਨੂੰ ਗੁਰੂ ਸਾਹਿਬ ਉਤੇ ਇਕੋ ਵਾਰ ਹੀ ਜ਼ਬਰਦਸਤ ਮਾਰੂ ਹੁਕਮ ਚੜ੍ਹਾ ਦੇਣ ਲਈ ਤਿਆਰ ਕਰਨ ਹਿੱਤ ਖੁਸਰੋ ਦੀ ਮਦਦ ਦਾ ਬੇਬੁਨਿਆਦ ਕਿੱਸਾ ਸ਼ੇਖ ਅਹਿਮਦ ਸਰਹੰਦੀ ਅਤੇ ਬੁਖ਼ਾਰੀ ਦੀ ਰਲਵੀਂ ਸਾਜਿਸ਼ ਦਾ ਸਿੱਟਾ ਹੀ ਸੀ।

ਸ਼ੇਖ ਅਹਿਮਦ ਸਰਹੰਦੀ, ਸ਼ੇਖ ਫ਼ਰੀਦ ਬੁਖਾਰੀ, ਤੰਗਦਿਲ ਜਨੂੰਨੀ ਮੁਸਲਮਾਨਾਂ ਅਤੇ ਜਹਾਂਗੀਰ ਦੇ ਰੋਲ ਪਿਛੋਂ ਕੁਝ ਹੋਰ "ਮਹਾਨ ਵਿਭੂਤੀਆਂ" ਦੇ ਰੋਲ ਦੀ ਚਰਚਾ ਕਰਨੀ ਭੀ ਬਹੁਤ ਜ਼ਰੂਰੀ ਹੈ, ਜਿਨ੍ਹਾਂ ਨੇ ਆਪਣੇ ਜ਼ਲੀਲਤਰ ਅਤੇ ਮਨੁੱਖਤਾ ਤੋਂ ਗਿਰੇ ਤੌਰ-ਤਰੀਕੇ ਵਰਤ ਕੇ ਆਪਣੇ ਵਿੱਤ-ਮੂਜਬ ਗੁਰੂ ਅਰਜਨ ਪਾਤਸ਼ਾਹ ਅਤੇ ਉਹਨਾਂ ਦੀ ਸਿੱਖੀ ਲਹਿਰ ਦੀ ਮੁਖ਼ਾਲਫ਼ਤ ਕਰਨ ਦੀਆਂ ਕਮੀਨੀਆਂ ਹਰਕਤਾਂ ਕੀਤੀਆਂ।ਹਥਲੇ ਮਜ਼ਮੂਨ ਦੇ ਪਰਸੰਗ ਦੀਆਂ ਇਹਨਾਂ "ਹਸਤੀਆਂ" ਬਾਰੇ ਕੁਝ ਕੁ ਪਰਕਾਸ਼ ਪਾਉਣਾ ਬਹੁਤ ਜ਼ਰੂਰੀ ਭਾਸਦਾ ਹੈ।

## (1) ਬ੍ਰਾਹਮਣ

ਬ੍ਰਹਿਮਣੀ ਮਤ ਹਿੰਦੋਸਤਾਨ ਦਾ ਬਹੁਤ ਪੁਰਾਣਾ ਤੇ ਪਰਭਾਵਸ਼ਾਲੀ ਮਤ ਹੈ।ਇਸ ਮਤ ਦੇ ਕਈ ਮੂਲ ਸਿਧਾਂਤ ਬੜੇ ਸਦੀਵਕਾਲੀ ਅਤੇ ਪਾਏਦਾਰ ਹਨ।ਆਤਮਕ ਤੱਤਾਂ ਦੀ ਖੋਜ ਦੀ ਭੀ ਕਈ ਥਾਈਂ ਚੰਗੀ ਝਲਕ ਮਿਲਦੀ ਹੈ।ਕੁਝ ਕੁ ਜੀਵਨ ਵਾਲੇ ਬੰਦੇ ਵੀ ਇਸ ਮਤ ਵਿਚ ਜ਼ਰੂਰ ਹੋ ਗੁਜ਼ਰੇ ਹਨ, ਪਰ ਇਸ ਮਤ ਵਿਚ ਆਰੰਭ ਤੋਂ ਹੀ ਕੁਝ ਐਸੇ ਧਰਮ ਵਿਰੋਧੀ ਤੱਤ ਦਾਖਲ ਹੋ ਗਏ ਸਨ, ਜੋ ਵਧਦੇ ਵਧਦੇ ਐਸੀ ਸ਼ਕਲ ਅਖ਼ਤਿਆਰ ਕਰ ਗਏ, ਕਿ ਹਰ ਨਿਰਪੱਖ ਸੂਝਵਾਨ ਵਿਅਕਤੀ ਇਸ ਮਤ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਣ ਲੱਗ ਪਿਆ ਸੀ।

ਜ਼ਾਤ-ਪਾਤ ਅਤੇ ਵਰਣ ਵਿਵਸਥਾ ਦੇ ਆਧਾਰ ਤੇ ਊਚ ਨੀਚ ਦਾ ਭੇਦ ਭਾਵ ਖੜ੍ਹਾ ਕਰਕੇ ਇਸ ਮਤ ਨੇ ਮਨੁੱਖੀ ਸਮਾਜ ਵਿਚ ਬੜਾ ਉਪੱਦਰ ਮਚਾ ਦਿਤਾ ਸੀ।ਧਰਮ ਵਿਚ ਪਖੰਡ ਜਾਲ ਦਾ ਐਸਾ ਪਸਾਰਾ ਪਸਾਰ ਦਿਤਾ ਗਿਆ ਕਿ ਪਾਪ ਅਤੇ



Sri Satguru Jagjit Singh Ji eLibrary NamdhariElibrary@gmail.com

ਅਧਰਮ ਦੀ ਆਤਮਾ ਵੀ ਕੰਬ ਉੱਠੀ।ਬ੍ਰਹਮਣ ਸ਼ਰੇਣੀ ਨੇ ਅਜੀਬ ਅਜੀਬ ਰਸਮਾਂ ਰੀਤਾਂ ਅਤੇ ਸੰਸਕਾਰ ਅੱਡ ਅੱਡ ਜਾਤਾਂ ਉਤੇ ਧਰਮ ਦੇ ਨਾਮ ਉਤੇ ਲੱਦ ਦਿਤੇ, ਜਿਸ ਨਾਲ ਬ੍ਰਹਮਣ ਨੂੰ ਵੱਧ ਤੋਂ ਵੱਧ ਧਨ ਦਾਨ ਦੇ ਰੂਪ ਵਿਚ ਬਿਨਾਂ ਮਿਹਨਤ ਮਸ਼ੱਕਤ ਕਰਨ ਦੇ ਹੀ ਮਿਲ ਜਾਂਦਾ ਸੀ।

ਕੇਵਲ ਜਨਮ, ਵਿਦਿਆ, ਵਿਆਹ ਸ਼ਾਦੀ ਅਤੇ ਮੌਤ ਨਾਲ ਸਬੰਧਤ ਸੰਸਕਾਰ ਹੀ ਬ੍ਰਾਹਮਣ ਨੇ ਆਪਣੇ ਲਾਭ ਹਿਤ ਈਜਾਦ ਨਹੀਂ ਸਨ ਕੀਤੇ, ਬਲਕਿ ਮਰਨ ਉਪਰੰਤ ਵਰ੍ਹੀਣੇ ਅਤੇ ਸਰਾਧਾਂ ਦਾ ਜੂਲਾ ਵੀ ਆਪਣੇ ਪੈਰੋਕਾਰਾਂ ਦੀ ਗਰਦਨ ਉਤੇ ਪੱਕੀ ਤਰ੍ਹਾਂ ਧਰ ਦਿਤਾ ਸੀ, ਤਾਂਕਿ ਬ੍ਰਾਹਮਣ ਭਾਊ ਦਾ ਹਲਵਾਮੰਡਾ ਭਲੀ-ਭਾਂਤ ਤੁਰਦਾ ਰਹੇ।ਉਸਨੇ ਆਪਣੇ ਲਈ ਅਤੇ ਆਪਣੀ ਸੰਤਾਨ ਲਈ ਹਰਾਮ ਦੀ ਬੇਬਹਾ ਕਮਾਈ ਨੂੰ ਜਾਇਜ਼ ਤੇ ਧਰਮ-ਅਨੁਕੂਲ ਸਾਬਤ ਕਰਨ ਲਈ ਬੜੀਆਂ ਅਨੋਖੀਆਂ ਦਲੀਲਾਂ ਦਾ ਪਰਚਾਰ ਕੀਤਾ।ਭਗਤ ਕਬੀਰ ਵਰਗੇ ਮਹਾਂਪੁਰਖਾਂ ਦੀ ਆਤਮਾ ਵੀ ਇਸ ਦੁਸ਼ਟ ਰਸਤੇ ਦੇ ਪਰਚਾਰਕਾਂ ਦੇ ਜਾਲ ਨੂੰ ਵੇਖਕੇ ਕੁਰਲਾ ਉਠੀ :

**ਹਮ ਗੋਰੂ, ਤੁਮ ਗੁਆਰ ਗੁਸਾਈ, ਜਨਮ ਜਨਮ ਰਖਵਾਰੇ॥**
**ਕਬਹੂੰ ਨ ਪਾਰਿ ਉਤਾਰਿ ਚਰਾਇਹੁ, ਕੈਸੇ ਖਸਮ ਹਮਾਰੇ॥**

*(ਆਸਾ, ਕਬੀਰ ਜੀ, ਪੰਨਾ ੪੮੨)*

ਸੱਚ ਦੀ ਆਵਾਜ਼ ਬੁਲੰਦ ਕਰਨ ਵਾਲਾ, ਬ੍ਰਾਹਮਣੀ ਮਤ ਦਾ ਪਾਜ ਉਘੇੜਨ ਵਾਲਾ ਅਤੇ ਸਮੂਹ ਜਨ-ਸਮਾਜ ਨੂੰ ਬ੍ਰਾਹਮਣ ਦੇ ਪਖੰਡ ਜਾਲ ਵਿਚੋਂ ਕੱਢਣ ਵਾਲਾ ਹਰ ਵਿਅਕਤੀ ਤੇ ਹਰ ਮਹਾਂਪੁਰਖ ਬ੍ਰਾਹਮਣ ਭਾਈ ਦੀ ਕ੍ਰੋਪੀ ਦਾ ਕਾਰਨ ਬਣਦਾ ਸੀ।ਪਤਾ ਨਹੀਂ ਕਿੰਨੇ ਮੱਤ ਬ੍ਰਾਹਮਣ ਦੇ ਡੂੰਘੇ ਢਿੱਡ ਵਿਚ ਇਸਦੇ ਖ਼ਤਰਨਾਕ ਇਰਾਦਿਆਂ ਅਤੇ ਤੌਰ-ਤਰੀਕਿਆਂ ਦੇ ਫਲ ਸਰੂਪ ਜਾ ਸਮਾਏ।ਬੁਧ ਮਤ ਨੂੰ ਹਿੰਦੋਸਤਾਨ ਵਿਚੋਂ ਨੇਸਤੋਨਾਬੂਦ ਕਰ ਦੇਣ ਦੀ ਮਿਸਾਲ ਤਾਂ ਜਗਤ ਪਰਸਿੱਧ ਹੈ।ਜਦ ਸਿੱਖ ਮਤ ਨੇ ਧਰਮ ਸਬੰਧੀ ਅੱਡ ਅੱਡ ਮਜ਼ਮੂਨਾਂ ਉਤੇ ਆਪਣਾ ਦਲੀਲ ਭਰਪੂਰ ਦ੍ਰਿਸ਼ਟੀਕੋਣ ਰੱਖਿਆ ਤਾਂ ਬ੍ਰਾਹਮਣ ਦੇ ਫੈਲਾਏ ਜਾਲ ਵਿਚੋਂ ਲੋਕੀਂ ਧੜਾਧੜ ਨਿਕਲਣ ਲੱਗੇ।ਰੱਬ ਦਾ ਸਹੀ ਸਰੂਪ ਸਮਝਾ ਕੇ ਮੂਰਤੀ-ਪੂਜਾ ਤੋਂ ਲੋਕਾਂ ਦਾ ਛੁਟਕਾਰਾ ਕਰਾਇਆ।ਤੀਰਥ ਯਾਤਰਾਵਾਂ ਅਤੇ ਭਿੰਨ-ਭਿੰਨ ਦਰਿਆਵਾਂ ਦੇ ਇਸ਼ਨਾਨਾਂ ਦੀ ਥਾਂ ਰੱਬ ਨਾਲ ਸੱਚਾ ਪਿਆਰ, ਮਨ ਅਤੇ ਕਿਰਦਾਰ ਦੀ ਪਾਕੀਜ਼ਗੀ, ਨੇਕੀ ਅਤੇ ਪਰੋਪਕਾਰ ਦੀ ਭਾਵਨਾ ਹੀ ਪ੍ਰਭੂ-ਪਰਾਪਤੀ ਦਾ ਰਸਤਾ ਦੱਸਿਆ ਗਿਆ।ਜ਼ਾਤ ਪਾਤ ਦੀ ਕਾਣੀ ਵੰਡ ਦੀ ਥਾਂ ਸਮੂਹ ਮਨੁੱਖ ਜਾਤੀ ਨੂੰ ਇਕ ਪੱਧਰ ਦਾ ਭਾਈ ਬਣਾਇਆ।ਸੂਤਕ ਪਾਤਕ, ਵਰਤ, ਯੱਗ, ਹੋਮ, ਮੰਤਰ-ਜੰਤਰ, ਸੰਗਰਾਂਦ, ਮੱਸਿਆ,



Sri Satguru Jagjit Singh Ji eLibrary NamdhariElibrary@gmail.com

ਮਹੂਰਤ, ਸ਼ਗਨ, ਅਪਸ਼ਗਨ ਅਤੇ ਫ਼ਜ਼ੂਲ ਸੰਸਕਾਰਾਂ ਤੋਂ ਲੋਕਾਂ ਦਾ ਸਿੱਖ ਧਰਮ ਨੇ ਪੱਕਾ ਛੁਟਕਾਰਾ ਕਰਵਾਉਣ ਦਾ ਅਸਰ-ਭਰਪੂਰ ਉਪਰਾਲਾ ਕੀਤਾ।ਬ੍ਰਾਹਮਣ ਦੇ ਸ਼ਰਧਾਲੂਆਂ ਦੀ ਗਿਣਤੀ ਤੇਜ਼ੀ ਨਾਲ ਘਟਣ ਲੱਗੀ ਅਤੇ ਉਸਦੀ ਆਮਦਨੀ, ਜੋ ਉਹ ਵਿਹਲੇ ਬੈਠਕੇ ਕਮਾ ਰਿਹਾ ਸੀ, ਉੱਤੇ ਵੀ ਕਰਾਰੀ ਸੱਟ ਵੱਜੀ।ਬ੍ਰਾਹਮਣ ਕਦੀ ਵੀ ਦਲੇਰ ਜਾਂ ਸੂਰਬੀਰ ਨਹੀਂ ਸੀ।ਇਹ ਆਪਣੀ ਦੀਰਘ ਕੁਟਿਲ ਦ੍ਰਿਸ਼ਟੀ ਅਤੇ ਕੁਚਾਲਾਂ ਚੱਲ ਚੱਲ ਕੇ ਆਪਣੇ ਵਿਰੋਧੀਆਂ ਦਾ ਨੁਕਸਾਨ ਕਰਨ ਦਾ ਕਾਇਲ ਸੀ।ਜਿਸ ਮਤ ਦਾ ਵੀ ਨੁਕਸਾਨ ਕਰਨਾ ਹੋਵੇ, ਜਾਂ ਤਾਂ ਉਸ ਮਤ ਦਾ ਰਾਜ-ਬਲ ਨਾਲ ਟਕਰਾਉ ਕਰਵਾ ਦੇਣਾ, ਜਾਂ ਉਸ ਵਿਰੁੱਧ ਦੂਜੇ ਮਤ ਵਾਲਿਆਂ ਦੇ ਕੰਨ ਭਰਨੇ ਤੇ ਝਗੜਾ-ਬਖੇੜਾ ਪੈਦਾ ਕਰ ਦੇਣਾ, ਜਾਂ ਫਿਰ ਉਸ ਮਤ ਵਿਸ਼ੇਸ਼ ਨੂੰ ਮੰਨਣ ਵਾਲਿਆਂ ਵਿਚ ਫੁੱਟ ਪੁਆ ਕੇ ਉਸਨੂੰ ਖ਼ਤਮ ਕਰ ਦੇਣਾ ਜਾਂ ਨਾਕਾਰਾ ਕਰ ਦੇਣਾ, ਬ੍ਰਾਹਮਣੀ ਮਤ ਦੀਆਂ ਵਿਸ਼ੇਸ਼ ਨੀਤੀਆਂ ਦੇ ਲਖਾਇਕ ਤੱਤ ਹਨ।ਬ੍ਰਾਹਮਣ ਦੀਆਂ ਗੁੱਝੀਆਂ ਮਾਰੂ ਨੀਤੀਆਂ ਅੱਗੇ ਤਾਂ ਇਸਲਾਮ ਵਰਗੇ ਜ਼ਬਰਦਸਤ ਮਤ ਦੇ ਪਰਚਾਰਕ ਵੀ ਇਹ ਕਹਿਣ ਪੁਰ ਮਜ਼ਬੂਰ ਹੋ ਗਏ :

**ਯੇ ਦੀਨਿ ਹਜ਼ਾਜ਼ੀ ਕਾ ਬੇਬਾਕ ਬੇੜਾ,**
**ਨ ਜੇਹੂੰ ਮੇਂ ਅਟਕਾ ਨ ਸੇਹੂੰ ਮੇਂ ਠਹਿਰਾ।**
**ਕੀਏ ਪਾਰ ਜਿਸਨੇ ਥੇ ਸਾਤੋਂ ਸਮੁੰਦਰ,**
**ਵੁਹ ਡੂਬਾ ਦਹਾਨੇ ਮੇਂ ਗੰਗਾ ਕੇ ਆ ਕਰ।**

ਅੱਜ ਇੱਕੀਵੀਂ ਸਦੀ ਵਿਚ ਸਿੱਖ ਮਤ ਨੂੰ ਖ਼ਤਮ ਕਰਨ ਲਈ ਬ੍ਰਾਹਮਣੀ ਮਤ ਦੀ ਆਤਮਾ ਹੋਰ ਹੋਰ ਕੁਰੀਤੀਆਂ ਅਪਣਾ ਰਹੀ ਹੈ, ਪਰ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੇਂ ਤਕ ਚੁਗ਼ਲੀ ਬਖ਼ੀਲੀ ਅਤੇ ਘਰ ਵਿਚ ਹੀ ਫੁੱਟ ਪਾ ਕੇ ਖ਼ਤਮ ਕਰਵਾਉਣ ਦੀ ਨੀਤੀ ਤੋਂ ਛੁਟ ਬ੍ਰਾਹਮਣ ਪਾਸ ਹੋਰ ਕੋਈ ਕਾਰਾ ਹਥਿਆਰ ਨਹੀਂ ਸੀ।ਸਿੱਖਾਂ ਦੇ ਰੋਜ਼ਾਨਾ ਕੀਰਤਨ ਵਿਚ ਹੀ ਬ੍ਰਾਹਮਣ ਦੇ ਘਟੀਆ ਕਿਰਦਾਰ ਅਤੇ ਮਨੁੱਖਤਾ ਤੋਂ ਗਿਰੀ ਬਿਰਤੀ ਦੀ ਰੱਜ ਕੇ ਮੁਖਾਲਫ਼ਤ ਕੀਤੀ ਗਈ ਹੈ।ਯਥਾ :

**ਮਾਣਸ ਖਾਣੇ ਕਰਹਿ ਨਿਵਾਜ॥**
**ਛੁਰੀ ਵਗਾਇਨਿ ਤਿਨ ਗਲਿ ਤਾਗ॥**
**ਤਿਨ ਘਰਿ ਬ੍ਰਹਮਣ ਪੂਰਹਿ ਨਾਦ॥**
**ਉਨ੍ਹਾ ਭਿ ਆਵਹਿ ਓਈ ਸਾਦ॥**
**ਕੂੜੀ ਰਾਸਿ ਕੂੜਾ ਵਾਪਾਰੁ॥**
**ਕੂੜੁ ਬੋਲਿ ਕਰਹਿ ਆਹਾਰੁ॥**



Sri Satguru Jagjit Singh Ji eLibrary NamdhariElibrary@gmail.com

ਸਰਮ ਧਰਮ ਕਾ ਡੇਰਾ ਦੂਰਿ॥
ਨਾਨਕ ਕੂੜੁ ਰਹਿਆ ਭਰਪੂਰਿ॥ *(ਆਸਾ ਕੀ ਵਾਰ, ਪੰਨਾ ੪੭੧)*

ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਹੀ ਜ਼ਾਤ-ਅਭਿਮਾਨੀ ਖੱਤਰੀਆਂ ਅਤੇ ਖਾਸ ਕਰ ਬ੍ਰਾਹਮਣਾਂ ਨੇ ਸਿੱਖ ਮਤ ਦਾ ਵਿਰੋਧ ਸ਼ੁਰੂ ਕਰ ਦਿਤਾ ਸੀ ਅਤੇ ਸਿੱਖ ਮਤ ਵੀ ਬੇਖ਼ੌਫ਼ ਹੋ ਕੇ ਬ੍ਰਹਿਮਣੀ ਮਤ ਦੇ ਪਖੰਡ ਦਾ ਬਖੀਆ ਉਧੇੜ ਰਿਹਾ ਸੀ।ਗੁਰਸਿੱਖੀ ਦੇ ਲੰਗਰ ਦੀ ਮਰਯਾਦਾ ਨਾਲ ਬ੍ਰਾਹਮਣ ਦਾ ਫੈਲਾਇਆ ਛੂਆ ਛੂਤ ਦਾ ਭੂਤ ਭੀ ਆਪਣੇ ਬਚਾਅ ਦੇ ਸਾਧਨ ਲੱਭ ਰਿਹਾ ਸੀ।ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਨੇ ਲੰਗਰ ਦੇ ਕੰਮ ਨੂੰ ਬਹੁਤ ਵਧਾਇਆ ਅਤੇ ਸਿੱਖੀ ਆਦਰਸ਼ਾਂ ਨੂੰ ਲੰਗਰ ਰਾਹੀਂ ਬੜੇ ਸੁੰਦਰ ਢੰਗ ਨਾਲ ਪਰਚਾਰਨਾ ਆਰੰਭਿਆ।ਬ੍ਰਾਹਮਣੀ ਮਤ ਦੀ ਛਾਤੀ ਤੇ ਜਾਣੋ ਸੱਪ ਲੇਟ ਗਿਆ।ਅਕਬਰ ਤਕ ਚੁਗਲੀਆਂ ਪੁਚਾਉਣ ਦਾ ਹਰ ਸਾਧਨ ਵਰਤਿਆ।ਰਾਜ ਦਰਬਾਰ ਵਿਚ ਮਹੇਸ਼ਦਾਸ ਆਦਿਕਾਂ ਰਾਹੀਂ ਚੁਗਲੀਆਂ ਕੀਤੀਆਂ ਤਾਂਕਿ ਹਾਕਮਾਂ ਨੂੰ ਸਿੱਖੀ ਲਹਿਰ ਵਿਰੁੱਧ ਭੜਕਾਇਆ ਜਾ ਸਕੇ।ਖਡੂਰ ਸਾਹਿਬ ਤੋਂ ਗੁਰ ਅੰਸ਼ ਦਾਤੂ ਨੂੰ ਗੁਰੂ ਅਮਰਦਾਸ ਜੀ ਵਿਰੁੱਧ ਚੁੱਕਣਾ ਦੇ ਕੇ ਚੁੱਕ ਲਿਆਂਦਾ।ਗੁਰੂ ਅਰਜਨ ਦੇਵ ਜੀ ਦੀ ਵਿਰੋਧਤਾ ਲਈ ਬਾਬਾ ਪ੍ਰਿਥੀਚੰਦ ਨੂੰ ਕਾਫੀ ਚੁੱਕਣਾ ਦਿਤੀ ਗਈ।ਬ੍ਰਾਹਮਣੀ ਮਤ ਵਾਲਿਆਂ ਨੂੰ ਸਿੱਖੀ ਨਾਲ ਚਿੜ੍ਹ ਹੋਣੀ ਸੁਭਾਵਕ ਸੀ, ਪਰ ਇਸ ਲਈ ਉਹ ਖੁਦ ਦਲੇਰੀ ਨਾਲ ਲੜਨ ਦੀ ਜ਼ੁਰਅਤ ਨਹੀਂ ਸਨ ਰਖਦੇ।ਉਹ ਜੋ ਕੁਝ ਕਰ ਸਕਦੇ ਸਨ ਜਾਂ ਜਿਸ ਭਾਂਤ ਦੇ ਕਮਜ਼ੋਰ ਤੇ ਸਾਹ-ਸਤ-ਵਿਹੂਣੇ ਦਿਲ ਗੁਰਦੇ ਦੇ ਉਹ ਮਾਲਕ ਸਨ, ਐਨ ਉਸਦੇ ਅਨੁਕੂਲ ਕੰਮ ਹੀ ਉਹਨਾਂ ਪਾਸੋਂ ਬਣ ਸਰ ਸਕਿਆ।ਉਹਨਾਂ ਨੇ ਵੱਡੀ ਚੁਗ਼ਲੀ ਹਾਕਮਾਂ ਪਾਸ ਇਹੋ ਖਾਧੀ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਇਸਲਾਮ ਦੇ ਵਿਰੁੱਧ ਪਰਚਾਰ ਕੀਤਾ ਗਿਆ ਹੈ ਅਤੇ ਉਹਨਾਂ ਦੇ ਬ੍ਰਾਹਮਣੀ ਮਤ ਦਾ ਭੀ ਰਗੜਾ ਬੱਧਾ ਹੈ।ਅਕਬਰ ਗੁਰੂ ਅਮਰਦਾਸ ਜੀ ਦੇ ਗੁਰਗੱਦੀ ਸਮੇਂ ਤੋਂ ਹੀ ਗੁਰੂ ਘਰ ਨਾਲ ਸਬੰਧਤ ਸੀ ਅਤੇ ਗੁਰੂ ਘਰ ਦੀ ਵਿਚਾਰਧਾਰਾ ਨਾਲ ਵਾਕਫ਼ੀਅਤ ਰਖਦਾ ਸੀ।ਬਾਣੀ ਨੂੰ ਪਹਿਲੇ ਵੀ ਉਹ ਦੇਖ ਸੁਣ ਕੇ ਸਮਝ ਚੁਕਾ ਸੀ।ਪਰ ਨਿਤ ਦੀਆਂ ਚੁਗਲੀਆਂ ਸੁਣ ਸੁਣ ਕੇ ਸੰਨ 1598 ਦੇ ਅਖੀਰ ਵਿਚ ਜਦ ਉਹ ਪੰਜਾਬ ਦੇ ਤਿੰਨ-ਸਾਲਾ ਭਿਆਨਕ ਕਾਲ ਤੇ ਔੜ ਆਦਿਕ ਮਗਰੋਂ ਲਾਹੌਰ ਤੋਂ ਦਿੱਲੀ ਵਾਪਸ ਜਾ ਰਿਹਾ ਸੀ ਤਾਂ ਉਸ ਨੇ ਗੋਇੰਦਵਾਲ ਸਾਹਿਬ ਵਿਖੇ ਗੁਰੂ ਅਰਜਨ ਦੇਵ ਜੀ ਨਾਲ ਮੁਲਾਕਾਤ ਕੀਤੀ।ਬਾਣੀ ਦੇ ਅਨੇਕਾਂ ਸ਼ਬਦ ਉਸ ਨੇ ਸੁਣੇ ਤੇ ਸਮਝੇ ਅਤੇ ਗੁਰੂ ਘਰ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਤ ਹੋਇਆ ਤੇ ਗੁਰੂ ਘਰ ਦੀ ਸੇਵਾ ਕਰਨ ਵਿਚ ਆਪਣੇ ਧੰਨ ਭਾਗ ਸਮਝੇ।ਗੁਰੂ ਅਰਜਨ ਦੇਵ ਜੀ ਦੀ ਸਿਫ਼ਾਰਸ਼ ਅਤੇ ਪ੍ਰੇਰਨਾ ਨਾਲ ਉਸ ਨੇ ਕਾਲ ਆਦਿਕ ਤੋਂ ਦੁਖੀ ਹੋਏ ਹੋਏ ਪੰਜਾਬੀ ਕਿਸਾਨਾਂ ਦਾ ਬਹੁਤ ਸਾਰਾ



Sri Satguru Jagjit Singh Ji eLibrary NamdhariElibrary@gmail.com

ਮਾਲੀਆ ਮਾਫ਼ ਕਰ ਦਿਤਾ।ਬ੍ਰਾਹਮਣਾਂ ਦੀਆਂ ਚੁਗਲੀਆਂ ਆਪਣੇ ਮਕਸਦ ਵਿਚ ਕਾਮਯਾਬ ਨਾ ਹੋ ਸਕੀਆਂ।ਅਕਬਰ 1598 ਦੇ ਅੰਤ ਵਿਚ ਲਾਹੌਰ ਤੋਂ ਆਗਰੇ ਵਾਪਸ ਚਲਾ ਗਿਆ ਤੇ ਆਪਣੇ 1605 ਦੇ ਚਲਾਣੇ ਤਕ ਮੁੜ ਕਦੀ ਵਾਪਸ ਪੰਜਾਬ ਨਹੀਂ ਆਇਆ।ਅਕਬਰ ਦੇ ਜੀਉਂਦਿਆਂ ਬ੍ਰਾਹਮਣਾਂ ਦੀ ਚਾਲ ਸਫ਼ਲ ਨਾ ਹੋ ਸਕੀ, ਪਰ ਅਕਬਰ ਦੀ ਮੌਤ ਪਿਛੋਂ ਉਹ ਫੇਰ ਕੁਝ ਸਰਗਰਮ ਹੋ ਗਏ।ਜਹਾਂਗੀਰ ਦੇ ਤਖ਼ਤ ਉਤੇ ਬੈਠਣ ਨਾਲ ਹਾਲਾਤ ਬਹੁਤ ਬਦਲ ਚੁਕੇ ਸਨ।ਜਹਾਂਗੀਰ ਸ਼ੇਖ ਅਹਿਮਦ ਸਰਹੰਦੀ ਦੀ ਲਹਿਰ ਦੇ ਪ੍ਰਭਾਵ ਹੇਠ ਸਿੱਖਾਂ ਅਤੇ ਹਿੰਦੂਆਂ ਦੋਹਾਂ ਦਾ ਹੀ ਵਿਰੋਧੀ ਹੋ ਚੁਕਾ ਸੀ।ਹੁਣ ਬ੍ਰਾਹਮਣ ਚੁਗਲੀਆਂ ਤੋਂ ਇਲਾਵਾ ਆਪਣੀ "ਸਾਮ-ਦਾਮ-ਦੰਡ-ਭੇਦ" ਦੀਆਂ ਚਾਰ ਨੀਤੀਆਂ ਵਿਚੋਂ ਆਖ਼ਰੀ ਹਥਿਆਰ ਭੇਦ ਨੀਤੀ ਦਾ ਵਰਤ ਸਕਦੇ ਸਨ, ਜੋ ਉਹਨਾਂ ਨੇ ਖੁੱਲ੍ਹੇ ਦਿਲ ਨਾਲ ਵਰਤਿਆ।ਦਾਤੂ ਅਤੇ ਪ੍ਰਿਥੀਚੰਦ ਨੂੰ ਚੁੱਕਣਾ ਦੇ ਕੇ ਘਰੋਗੀ ਝਗੜੇ ਨੂੰ ਵਧਾਉਣ ਵਿਚ ਇਹਨਾਂ ਬ੍ਰਾਹਮਣਾਂ ਦਾ ਕਾਫ਼ੀ ਹੱਥ ਸੀ।ਝਗੜਾ ਤਾਂ ਬੜਾ ਵੱਡਾ ਅਤੇ ਅਸੂਲੀ ਸੀ, ਪਰ ਦਾਤੂ ਅਤੇ ਪ੍ਰਿਥੀ ਚੰਦ ਨੇ ਆਪਣੇ ਆਪਣੇ ਸਮੇਂ ਇਸ ਨੂੰ ਘਰੋਗੀ ਝਗੜੇ ਦੀ ਸ਼ਕਲ ਦੇਣ ਦਾ ਯਤਨ ਕੀਤਾ।

ਕੁਝ ਭੀ ਹੋਵੇ, ਇਹਨਾਂ ਬ੍ਰਾਹਮਣਾਂ ਪਾਸੋਂ ਗੁਰੂ ਘਰ ਦਾ ਅਤੇ ਗੁਰੂ ਅਰਜਨ ਦੇਵ ਜੀ ਦਾ ਜੋ ਵੀ ਵਿਰੋਧ ਹੋ ਸਕਦਾ ਸੀ, ਉਸ ਵਿਚ ਇਹਨਾਂ ਪ੍ਰਾਣੀਆਂ ਨੇ ਕੋਈ ਕਸਰ ਨਹੀਂ ਛੱਡੀ।ਦਰ-ਹਕੀਕਤ ਇਸ ਤੋਂ ਵੱਧ ਉਹ ਕੁਝ ਕਰ ਵੀ ਨਹੀਂ ਸਨ ਸਕਦੇ ਅਤੇ ਇਹ 'ਗ਼ਰੀਬ' ਸਨ ਵੀ ਸੱਚੇ।ਸਦੀਆਂ ਤੋਂ ਜਿਨ੍ਹਾਂ ਵਿਚਾਰਿਆਂ ਨੇ ਕੱਖ ਭੰਨ ਕੇ ਦੂਹਰਾ ਨਾ ਕੀਤਾ ਹੋਵੇ ਅਤੇ ਕੇਵਲ ਗ਼ਲਤ ਰਸਮਾਂ, ਗ਼ਲਤ ਸੰਸਕਾਰਾਂ, ਚਉਦਸਾਂ, ਅਮਾਵਸਾਂ, ਸੰਗਰਾਦਾਂ ਨੂੰ ਰਚ ਰਚ ਕੇ ਦੁਨੀਆ ਨੂੰ ਲੁੱਟ ਕੇ ਖਾ ਗਏ ਹੋਣ, ਉਹਨਾਂ ਦੀ ਕਮਾਈ ਨੂੰ ਭਾਰੀ ਠੇਸ ਲੱਗਣ ਕਾਰਨ ਉਹ 'ਵਿਚਾਰੇ' ਵਿਰੋਧ ਨਾ ਕਰਦੇ, ਤਾਂ ਕੀ ਕਰਦੇ ? ਬਾਣੀ ਦੇ ਪ੍ਰਚਾਰ ਅਤੇ ਪ੍ਰਕਾਸ਼ ਨੇ ਉਹਨਾਂ ਦੇ ਹੱਥ ਰਹਿਣ ਹੀ ਕੀ ਦਿਤਾ ਸੀ ?

## (2) ਮਹੇਸ਼ ਦਾਸ

ਭਾਰਤ ਦੇ ਇਤਿਹਾਸ ਵਿਚ 1528 ਵਿਚ ਪੈਦਾ ਹੋਣ ਵਾਲੇ ਇਸ ਸ਼ਖਸ ਦਾ ਵੀ ਕੋਈ ਜਵਾਬ ਨਹੀਂ।ਇਸ ਸ਼ਖਸ ਹਰ ਲਿਹਾਜ ਨਾਲ ਲਾ-ਜੁਆਬ ਸਾਬਤ ਹੋਇਆ ਸੀ।ਇਹ ਸ਼ਖਸ ਭਗਵਾਨ ਦਾਸ, ਜੋ ਜੈਪੁਰ ਦਾ ਰਾਜਾ ਸੀ, ਪਾਸ ਨੌਕਰੀ ਕਰਦਾ ਸੀ।ਇਹ ਹਾਜ਼ਰ-ਜੁਆਬ, ਤੇਜ਼ ਦਿਮਾਗ ਤੇ ਬ੍ਰਾਹਮਣੀ ਖਸਲਤਾਂ ਨਾਲ ਭਰਪੂਰ ਸ਼ੁੱਧ ਅਤੇ ਖਾਲਸ ਬ੍ਰਾਹਮਣ ਸੀ।1562 ਵਿਚ ਭਗਵਾਨ ਦਾਸ ਦੀ ਵੱਡੀ ਭਤੀਜੀ, ਹਿੰਦੂ ਜ਼ਾਤ-ਅਭਿਮਾਨ ਦਾ ਸਿਰ ਨੀਵਾਂ ਕਰਵਾ ਕੇ ਅਕਬਰ ਨੂੰ ਵਿਆਹ ਦਿਤੀ ਗਈ ਅਤੇ ਮਹੇਸ਼ ਦਾਸ ਬ੍ਰਾਹਮਣ ਜੋ ਬੀਰਬਲ ਕਰ ਕੇ ਮਸ਼ਹੂਰ ਹੋਇਆ ਹੈ,



Sri Satguru Jagjit Singh Ji eLibrary NamdhariElibrary@gmail.com

ਵੀ ਲੋੜ-ਮੂਜਬ ਜੈਪੁਰ ਤੋਂ ਅਕਬਰ ਦੇ ਦਰਬਾਰ ਵਿਚ ਭੇਜ ਦਿਤਾ ਗਿਆ।ਜਾਣੋ, ਦਾਜ ਦੇ ਬਾਕੀ ਸਾਮਾਨ ਨਾਲ ਹੀ ਇਹ ਚੀਜ਼ ਵੀ ਅਕਬਰ ਦੇ ਘਰ ਪੁੱਜ ਗਈ।

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਮਹੇਸ਼ ਦਾਸ ਖਾਲਸ ਬ੍ਰਾਹਮਣੀ ਖਸਲਤਾਂ ਨਾਲ ਭਰਪੂਰ ਸ਼ੁੱਧ ਬ੍ਰਾਹਮਣ ਸੀ।ਸਿੱਖ ਮਤ ਦੇ ਪ੍ਰਚਾਰ ਤੋਂ ਉਹ ਦਿਲੋਂ ਮਨੋਂ ਦੁਖੀ ਸੀ।ਸਿੱਖ ਮਤ ਦੇ ਪ੍ਰਚਾਰ ਤੋਂ ਦੁਖੀ ਹੋਏ ਹੋਏ ਬ੍ਰਾਹਮਣਾਂ ਦੀਆਂ 'ਪਾਵਨ' ਉਮੀਦਾਂ ਦਾ ਇਕ-ਮਾਤਰ ਸਿਤਾਰਾ ਅਤੇ ਰਾਜ ਦਰਬਾਰ ਵਿਚ ਇਹਨਾਂ ਬ੍ਰਾਹਮਣਾਂ ਦਾ ਇਕ-ਮਾਤਰ ਸਹਾਰਾ ਇਹ ਮਹੇਸ਼ ਦਾਸ ਜਾਂ ਬੀਰਬਲ ਹੀ ਸੀ।ਬ੍ਰਾਹਮਣਾਂ ਨੂੰ ਆਪਣੀਆਂ ਚੁਗਲੀਆਂ ਅੱਗੇ ਤਕ ਪੁਚਾਉਣ ਲਈ ਭੀ ਤਾਂ ਕਿਸੇ ਆਸਰੇ ਦੀ ਜ਼ਰੂਰਤ ਸੀ।ਲੰਗਰ ਅਤੇ ਬਾਣੀ ਦੇ ਵਿਰੁੱਧ ਇਸ ਨੇ ਅਕਬਰ ਦੇ ਮਨ ਵਿਚ ਜ਼ਹਿਰ ਪੈਦਾ ਕਰਨ ਦੇ ਭਰਪੂਰ ਜਤਨ ਕੀਤੇ, ਪ੍ਰਿਥੀ ਚੰਦ ਨੂੰ ਵੀ ਚੁੱਕਣ ਵਿਚ ਖਾਸਾ ਰੋਲ ਅਦਾ ਕੀਤਾ।ਪਰ ਇਸ ਦੀ ਅਤੇ ਇਸ ਦੇ ਝੋਲੀ-ਚੁੱਕ ਬ੍ਰਾਹਮਣਾਂ ਦੀ ਮਾੜੀ ਕਿਸਮਤ ਕਾਰਨ ਸਿੱਖ ਮਤ ਸਬੰਧੀ ਕੋਈ ਮਾੜਾ ਪ੍ਰਭਾਵ ਇਸ ਪਾਸੋਂ ਅਕਬਰ ਦੇ ਮਨ ਤੇ ਨਾ ਪਾਇਆ ਜਾ ਸਕਿਆ।ਅਕਬਰ ਇਸ ਦੇ ਸਿੱਖ ਮਤ ਵਿਰੋਧੀ ਵਿਚਾਰਾਂ ਦਾ ਕਾਇਲ ਹੋਣ ਦੀ ਥਾਂ ਸਦਾ ਸਿੱਖ ਮਤ ਦਾ ਪ੍ਰਸੰਸਕ ਰਿਹਾ।

ਅਕਬਰ ਨੇ 1585 ਵਿਚ ਪੇਸ਼ਾਵਰ ਤੋਂ ਪਰਲੇ ਪਾਸੇ ਦੇ ਪਠਾਣਾਂ ਨੂੰ ਸੋਧਣ ਵਾਸਤੇ ਜ਼ੈਨ ਖ਼ਾਂ ਤੇ ਬੀਰਬਲ ਨੂੰ ਭੇਜ ਦਿਤਾ।ਇਹ ਕਵਿਤਾ ਕਹਿ ਸਕਦਾ ਸੀ, ਰਾਗ ਦਾ ਭੀ ਕੁਝ ਗਿਆਨ ਰੱਖਦਾ ਸੀ, ਚੁਟਕਲੇ ਸੁਣਾਉਣੇ ਵੀ ਇਸ ਦੀ ਤਬੀਅਤ ਦੇ ਅਨੁਕੂਲ ਸਨ, ਪਰ ਜੰਗ ਉਤੇ ਭੇਜਣਾ ਇਸ ਨਾਲ ਬੜੀ ਵਧੀਕੀ ਹੀ ਜਾਪਦੀ ਹੈ।ਜੰਗ ਵਿਚ ਹੇਰਾ-ਫੇਰੀ ਦੀ ਥਾਂ ਲੜਨ ਦੀ ਲੋੜ ਸੀ।ਚਾਲਾਕੀਆਂ ਚਤੁਰਾਈਆਂ ਅਤੇ ਬ੍ਰਾਹਮਣੀ ਰੀਤਾਂ ਹਰ ਥਾਂ ਕੰਮ ਨਹੀਂ ਦੇ ਸਕਦੀਆਂ।ਪਠਾਣਾਂ ਉਤੇ ਹਮਲਾ ਕਰਨ ਗਿਆ ਇਹ ਮੁੜ ਵਾਪਸ ਨਾ ਪਰਤ ਸਕਿਆ ਅਤੇ ਸੰਨ 1586 ਵਿਚ ਫ਼ੌਜ ਸਮੇਤ ਮਾਰਿਆ ਗਿਆ।ਨਤੀਜੇ ਦੇ ਤੌਰ ਤੇ ਬ੍ਰਾਹਮਣਾਂ ਲਈ ਆਪਣੀ ਚੁਗਲੀਆਂ ਬਾਦਸ਼ਾਹ ਤਕ ਪੁਚਾਉਣ ਲਈ ਭਾਰੀ ਔਕੜ ਪੈਦਾ ਹੋ ਗਈ।ਪ੍ਰਿਥੀ ਚੰਦ ਜੋ ਅਕਾਰਨ ਹੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਵਿਰੋਧੀ ਬਣਿਆ ਪਿਆ ਸੀ, ਭੀ ਇਕ ਬਹੁਤ ਪੱਕੇ ਮਿੱਤਰ ਤੋਂ, ਜੋ ਉਸ ਦੇ ਸਾਰੇ ਪਾਪ ਕਰਮਾਂ ਵਿਚ ਸਹਾਈ ਹੋ ਰਿਹਾ ਸੀ, ਵਾਂਝਿਆ ਹੋ ਗਿਆ।

## (3) ਸਖੀ ਸਰਵਰ ਦੀ ਗੱਦੀ

ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ, ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸਿੱਖ ਮਤ ਦੇਸ਼ ਦੇ ਦੂਰ-ਦੁਰਾਡੇ ਅਤੇ ਨੇੜੇ ਦੇ ਸਭ ਇਲਾਕਿਆਂ ਵਿਚ ਬੜਾ



Sri Satguru Jagjit Singh Ji eLibrary NamdhariElibrary@gmail.com

ਹਰਮਨ-ਪਿਆਰਾ ਹੋ ਰਿਹਾ ਸੀ।ਘੱਟ ਹੀ ਕੋਈ ਐਸਾ ਨਗਰ, ਕਸਬਾ ਜਾਂ ਪਿੰਡ ਸੀ, ਜਿਥੇ ਗੁਰੂ ਨਾਨਕ ਪਾਤਸ਼ਾਹ ਦੇ ਸ਼ਰਧਾਲੂ ਨਾ ਵਸਦੇ ਹੋਣ।ਪਰ ਇਹ ਗੱਲ ਭੁੱਲਣ ਵਾਲੀ ਨਹੀਂ ਕਿ ਇਸਲਾਮ ਵੀ ਬੜੀ ਤੇਜ਼ੀ ਨਾਲ ਕਾਫੀ ਇਲਾਕਿਆਂ ਵਿਚ ਫੈਲ ਚੁਕਾ ਸੀ ਅਤੇ ਹੋਰ ਫੈਲਦਾ ਜਾ ਰਿਹਾ ਸੀ।ਇਸਲਾਮ ਦੇ ਫੈਲਣ ਦੇ ਕਈ ਕਾਰਨ ਸਨ।ਹਿੰਦ ਵਿਚ ਮੁਗਲਾਂ ਤੋਂ ਪਹਿਲੇ ਪਠਾਣਾਂ ਦੇ ਪੰਜ ਖ਼ਾਨਦਾਨ ਹਕੂਮਤ ਕਰ ਚੁਕੇ ਸਨ, ਜੋ ਲਗਭਗ ਸਾਰੇ ਹੀ ਇਸਲਾਮ ਦੇ ਪ੍ਰਚਾਰ ਲਈ ਰਾਜ-ਸ਼ਕਤੀ ਨੂੰ ਥੋੜ੍ਹਾ ਜਾਂ ਜ਼ਿਆਦਾ ਜ਼ਰੂਰ ਵਰਤਦੇ ਰਹੇ।ਬਾਬਰ ਜੋ ਪਹਿਲਾ ਮੁਗ਼ਲ ਬਾਦਸ਼ਾਹ ਸੀ, ਵੀ ਮੁਸਲਮਾਨ ਸੀ।ਇਸ ਤੋਂ ਪਿਛੋਂ ਹੋਣ ਵਾਲਾ ਸ਼ੇਰ ਸ਼ਾਹ ਸੂਰੀ ਭੀ ਪਠਾਣ ਮੁਸਲਮਾਨ ਸੀ।ਹਮਾਯੂੰ ਤੇ ਅਕਬਰ ਮੁਗ਼ਲ ਖ਼ਾਨਦਾਨ ਦੇ ਦੂਜੇ ਤੇ ਤੀਜੇ ਬਾਦਸ਼ਾਹ ਸਨ।ਮੁਕਦੀ ਗੱਲ ਕਿ ਅਰਸੇ ਤੋਂ ਇਸਲਾਮ ਵਾਲਿਆਂ ਦੀ ਹੀ ਹਿੰਦ ਵਿਚ ਹਕੂਮਤ ਤੁਰੀ ਆ ਰਹੀ ਸੀ, ਜਿਸ ਦਾ ਇਸਲਾਮ ਦੇ ਪ੍ਰਚਾਰ ਤੇ ਬੜਾ ਦੀਰਘ ਅਤੇ ਡੂੰਘਾ ਅਸਰ ਪਿਆ।ਕਈ ਬਾਦਸ਼ਾਹ, ਜਜ਼ੀਆ ਆਦਿਕ ਠੋਸ ਕੇ ਤੇ ਹੋਰ ਹੋਰ ਕਿਸਮ ਦੇ ਰਾਜਸੀ ਦਬਾਅ ਪਾ ਕੇ ਇਸਲਾਮ ਦੇ ਪ੍ਰਚਾਰ ਵਿਚ ਠੋਸ ਮਦਦ ਕਰਦੇ ਰਹੇ।ਇਸਲਾਮ ਦੇ ਫੈਲਣ ਦਾ ਦੂਜਾ ਕਾਰਨ ਬ੍ਰਾਹਮਣੀ ਮਤ ਦੀ ਆਪਣੀ ਸਿਧਾਂਤਕ ਕਮਜ਼ੋਰੀ ਸੀ।ਜ਼ਾਤ-ਪਾਤ ਅਤੇ ਛੂਤ-ਛਾਤ ਦੇ ਭੇਦਾਂ ਦੇ ਸੁਨਹਿਰੀ ਸਿਧਾਂਤ ਜੇਕਰ ਬ੍ਰਾਹਮਣੀ ਮਤ ਵਿਚੋਂ ਕੱਢ ਦਿਤੇ ਜਾਣ, ਤਾਂ ਬ੍ਰਾਹਮਣੀ ਮਤ ਆਪਣੀ ਸ਼ਕਲ ਹੀ ਵਿਗਾੜ ਬੈਠੇਗਾ।ਦਰ-ਹਕੀਕਤ ਬ੍ਰਾਹਮਣੀ ਮਤ ਨੂੰ ਜ਼ਾਤ-ਪਾਤ ਅਤੇ ਛੂਤ-ਛਾਤ ਦੇ ਖਈ ਰੋਗ (ਟੀ.ਬੀ.) ਨਾਲੋਂ ਅੱਡ ਕੀਤਾ ਹੀ ਨਹੀਂ ਜਾ ਸਕਦਾ।ਇਸ ਸਬੰਧ ਵਿਚ ਬ੍ਰਾਹਮਣੀ ਮਤ ਦੇ ਗ੍ਰੰਥਾਂ ਦੇ ਵਿਚਾਰ ਅੰਕਿਤ ਕਰਨ ਨਾਲ ਮਾਅਮਲਾ ਹੋਰ ਜ਼ਿਆਦਾ ਸਾਫ਼ ਹੋ ਸਕਦਾ ਹੈ, ਸੋ ਹੇਠਾਂ ਬ੍ਰਾਹਮਣੀ ਮਤ ਦੇ ਕੁਝ ਕੁ ਸੁਨਹਿਰੀ ਵਿਚਾਰ ਅੰਕਿਤ ਕੀਤੇ ਜਾਂਦੇ ਹਨ, ਜਿਹਨਾਂ ਨੂੰ ਜੇ ਕਿਤੇ ਫਰੇਮ ਕਰਾ ਕੇ ਘਰਾਂ ਵਿਚ ਟੰਗ ਲਿਆ ਜਾਵੇ ਅਤੇ ਹੋਰ ਪਬਲਿਕ ਥਾਵਾਂ ਉਤੇ ਅੰਕਿਤ ਕਰਾਇਆ ਜਾਵੇ, ਤਾਂ ਬ੍ਰਾਹਮਣਾਂ ਦੇ ਰੋਸ਼ਨ-ਦਿਮਾਗ ਬਾਰੇ ਸਭ ਹਕੀਕਤਾਂ ਤੋਂ ਹਰ ਕੋਈ ਜਾਣੂ ਹੋ ਸਕਦਾ ਹੈ :

(1) "ਪੈਰਾਂ ਤੋਂ ਜੰਮੇ ਹੋਏ ਹੋਣ ਕਾਰਨ ਜੇ ਕੋਈ ਸ਼ੂਦਰ ਬ੍ਰਾਹਮਣ, ਛਤ੍ਰੀ ਜਾਂ ਵੈਸ਼ ਆਦਿਕ ਉੱਚ-ਜ਼ਾਤੀਆਂ ਨੂੰ ਕਠੋਰ ਬਚਨ ਕਹੇ, ਤਾਂ ਰਾਜਾ ਘੱਟੋ ਘੱਟ ਇਤਨਾ ਜ਼ਰੂਰ ਕਰੇ ਕਿ ਉਸ ਸ਼ੂਦਰ ਦੀ ਜੀਭ ਕਟਵਾ ਦੇਵੇ।"

*(ਮਨੂ, ਅ: 4, ਸ਼: 80)*

(2) "ਜੇ ਸ਼ੂਦਰ ਉੱਚ-ਜ਼ਾਤੀਆਂ ਨੂੰ ਨਾਮ ਲੈ ਕੇ ਸਖ਼ਤੀ ਨਾਲ ਬੁਲਾ ਬੈਠੇ, ਤਾਂ ਉਸ ਦੇ ਮੂੰਹ ਵਿਚ, ਦਸ ਉਂਗਲ ਲੰਬਾ, ਅੱਗ ਵਰਗਾ ਲਾਲ, ਗਰਮ ਲੋਹੇ ਦਾ ਕਿੱਲਾ, ਰਾਜੇ ਵੱਲੋਂ ਠੋਕ ਦੇਣਾ ਚਾਹੀਦਾ ਹੈ।ਜੇ ਕੋਈ ਸ਼ੂਦਰ ਆਪਣੀ ਲਿਆਕਤ ਦੇ



Sri Satguru Jagjit Singh Ji eLibrary NamdhariElibrary@gmail.com

ਆਧਾਰ ਤੇ ਬ੍ਰਾਹਮਣ ਨੂੰ ਧਰਮ ਦੀ ਸਿਖਿਆ ਦੇਣ ਦੀ ਜੁਰਅਤ ਕਰੇ, ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਹ ਸ਼ੂਦਰ, ਦੇ ਮੂੰਹ ਅਤੇ ਕੰਨਾਂ ਵਿਚ ਉਬਲਦਾ ਤੇਲ ਪੁਆ ਕੇ ਸਜ਼ਾ ਦੇਵੇ, ਕਿਉਂਕਿ ਸ਼ੂਦਰ ਧਰਮ ਉਪਦੇਸ਼ ਨਹੀਂ ਕਰ ਸਕਦਾ, ਉਹ ਭਾਵੇਂ ਕਿਤਨਾ ਗਿਆਨਵਾਨ ਅਤੇ ਗੁਣੀ ਹੀ ਕਿਉਂ ਨਾ ਹੋਵੇ।"

*(ਮਨੂ, ਅ: 8, ਸ਼: 271 ਅਤੇ 272)*

(3) "ਸ਼ੂਦਰ ਜੇ ਧਨ ਜਮ੍ਹਾਂ ਕਰਨ ਦੇ ਕਾਬਲ ਭੀ ਹੋ ਜਾਵੇ, ਤਾਂ ਭੀ ਉਸ ਨੂੰ ਧਨ ਜਮ੍ਹਾਂ ਨਾ ਕਰਨ ਦਿਤਾ ਜਾਵੇ, ਕਿਉਂਕਿ ਧਨਵਾਨ ਹੋ ਕੇ ਸ਼ੂਦਰ ਉੱਚ-ਜ਼ਾਤੀਆਂ ਦੇ ਹੱਥੋਂ ਨਿਕਲ ਸਕਦਾ ਹੈ ਅਤੇ ਬ੍ਰਾਹਮਣਾਂ ਨੂੰ ਦੁਖ ਦੇ ਸਕਦਾ ਹੈ।"

*(ਮਨੂ, ਅ: 8, ਸ਼: 79)*

(4) "ਸ਼ੂਦਰ ਜਿਸ ਜਿਸ ਸਰੀਰਕ ਅੰਗ ਨਾਲ ਕਿਸੇ ਉੱਚ-ਜ਼ਾਤੀਏ ਨਾਲ ਟਾਕਰਾ ਜਾਂ ਮੁਕਾਬਲਾ ਕਰੇ ਜਾਂ ਉਸ ਨੂੰ ਦੁਖ ਦੇਵੇ, ਰਾਜੇ ਨੂੰ ਚਾਹੀਦਾ ਹੈ ਕਿ ਉਸ ਦਾ ਉਹ ਅੰਗ ਕਟਵਾ ਦੇਵੇ।"

*(ਮਨੂ, ਅ: 8, ਸ਼: 279)*

(5) "ਜੇ ਸ਼ੂਦਰ ਦਾ ਅਨਾਜ ਪੇਟ ਵਿਚ ਹੋਵੇ ਅਤੇ ਜੇ ਉਸ ਵੇਲੇ ਬ੍ਰਾਹਮਣ ਮਰ ਜਾਵੇ, ਤਾਂ ਉਹ ਪਿੰਡ ਦੇ ਸੂਰ ਅਥਵਾ ਕੁਤੇ ਦੀ ਜੋਨਿ ਵਿਚ ਪੈਂਦਾ ਹੈ।"

*(ਆਪਸਤੰਬ ਸਿਮ੍ਰਤੀ, ਅ: 2)*

(6) "ਜੇ ਸ਼ੂਦਰ ਕਪਿਲ ਗਊ ਦਾ ਦੁਧ ਪੀਵੇ ਜਾਂ ਜੇ ਵੇਦ ਦੇ ਅੱਖਰ ਪੜ੍ਹ ਲਵੇ, ਤਾਂ ਸਿਧਾ ਨਰਕ ਨੂੰ ਜਾਵੇਗਾ।

*(ਪਰਾਸਰ ਸੰਹਿਤਾ, ਅ: 2)*

(7) "ਸ਼ੂਦਰ ਦਾ ਅੰਨ ਲਹੂ ਤੁੱਲ ਹੈ।ਜੇ ਕੋਈ ਬ੍ਰਾਹਮਣ, ਸ਼ੂਦਰ ਦਾ ਅੰਨ ਪੇਟ ਵਿਚ ਹੁੰਦਿਆਂ ਭੋਗ ਕਰੇ ਤਾਂ ਪੈਦਾ ਹੋ ਜਾਣ ਵਾਲੀ ਔਲਾਦ ਭੀ ਨੀਚ ਅਤੇ ਸ਼ੂਦਰ ਸਮਝਣੀ ਚਾਹੀਦੀ ਹੈ।"

*(ਲਘੁ ਅਤ੍ਰਿ ਸੰਹਿਤਾ, ਅ: 5)*

(8) "ਸ਼ੂਦਰ ਦਾ ਅੰਨ ਅੰਗੀਕਾਰ ਕਰ ਕੇ ਬ੍ਰਾਹਮਣ ਨੂੰ ਸੱਤ ਜਨਮ ਕੁੱਤੇ ਦੀ, ਨੌਂ ਜਨਮ ਸੂਰ ਦੀ ਅਤੇ ਅੱਠ ਜਨਮ ਗਿਰਝ ਦੀ ਜੋਨਿ ਭੋਗਣੀ ਪੈਂਦੀ ਹੈ।"

*(ਵ੍ਰਿਹਤ ਅਤ੍ਰਿ ਸੰਹਿਤਾ, ਅ: 5)*

(9) "ਸ਼ੂਦਰ ਦੀ ਬੁਧੀ ਨੂੰ ਵਿਗਸਤ ਨਾ ਹੋਣ ਦੇਵੋ।ਧਰਮ ਦੀਆਂ ਗੱਲਾਂ ਤੋਂ ਉਸ ਨੂੰ ਅਨਜਾਣ ਰੱਖੋ ਅਤੇ ਵਰਤ ਵਗੈਰਾ ਬਾਰੇ ਉਸ ਨੂੰ ਜਾਣਕਾਰੀ ਨਾ ਦੇਵੋ।ਸ਼ੂਦਰ ਨੂੰ ਅਜਿਹਾ ਗਿਆਨ ਦੇਣ ਵਾਲਾ, ਸ਼ੂਦਰ ਸਮੇਤ ਅੰਧੇਰੇ ਨਰਕ ਦਾ ਗਾਮੀ ਬਣਦਾ ਹੈ।"

*(ਵਸ਼ਿਸ਼ਟ ਸੰਹਿਤਾ, ਅ: 12)*



Sri Satguru Jagjit Singh Ji eLibrary NamdhariElibrary@gmail.com

(10) "ਸ਼ੂਦਰ ਨੂੰ ਅਕਲ ਨਾ ਦੇਵੋ, ਹੋਮ ਤੋਂ ਬਚਿਆ ਅਨਾਜ ਨਾ ਦੇਵੋ ਅਤੇ ਨਾ ਹੀ ਉਸ ਨੂੰ ਧਰਮ ਦੀ ਸਿਖਿਆ ਦੇਵੋ।"

*(ਮਨੂ, ਅ: 4, ਸ਼: 80)*

(11) "ਸ਼ੂਦਰ ਦੇ ਰਾਜ ਨੂੰ ਪ੍ਰਵਾਨ ਕਰਨਾ ਕਿਤੇ ਰਿਹਾ, ਜਿਥੇ ਸ਼ੂਦਰ ਦਾ ਰਾਜ ਹੋਵੇ, ਉਸ ਰਾਜ ਵਿਚ ਨਿਵਾਸ ਕਰਨਾ ਵੀ ਉਚਿਤ ਨਹੀਂ।"

*(ਮਨੂ, ਅ: 4, ਸ਼: 60)*

(12) "ਬ੍ਰਾਹਮਣ ਜੇ ਵੇਦ ਵਿਰੁੱਧ ਵੀ ਕਰਮ ਕਮਾ ਬੈਠੇ, ਤਾਂ ਭੀ ਉਹ ਦੋਸ਼ੀ ਨਹੀਂ ਹੁੰਦਾ।ਬ੍ਰਾਹਮਣ ਵਿਚ ਸਭ ਦੋਸ਼ ਦਗਧ ਕਰਨ ਦੀ ਤਾਕਤ ਹੁੰਦੀ ਹੈ, ਜਿਵੇਂ ਅੱਗ ਸਭ ਚੀਜ਼ਾਂ ਨੂੰ ਸੁਆਹ ਬਣਾ ਦਿੰਦੀ ਹੈ ਅਤੇ ਜਿਵੇਂ ਇਸਤਰੀ ਪਰ-ਪੁਰਖ ਨਾਲ ਭੋਗ ਕਰਨ ਪਿਛੋਂ ਭੀ ਕਲੰਕ-ਰਹਿਤ ਹੁੰਦੀ ਹੈ।"

*(ਵ੍ਰਹਿਤ ਪਰਾਸਰ ਸੰਹਿਤਾ, ਅ: 3)*

(ਬ੍ਰਾਹਮਣ ਦੀ ਉਚਤਾ ਦੇ ਨਾਲ ਨਾਲ ਬ੍ਰਾਹਮਣੀ ਮਤ ਦਾ ਇਹ ਮਹਾਨ ਸ਼ੁਭ ਉਪਦੇਸ਼ ਉੱਚਤਾ ਆਚਰਨ ਅਤੇ ਸਦਾਚਾਰ ਦੇ ਜਾਣੋਂ ਸਿਖਰ ਛੂੰਹਦਾ ਹੈ।ਆਪਣੇ ਰਾਜ ਵਿਚ ਅੱਜ ਕੱਲ੍ਹ ਕਰੈਕਟਰ ਦਾ ਜੋ ਦਿਵਾਲਾ ਇਹਨਾਂ ਪ੍ਰੇਮੀ-ਜਨਾਂ ਨੇ ਕੱਢਿਆ ਹੈ, ਸ਼ਾਇਦ ਪਰਾਸਰ ਬ੍ਰਾਹਮਣ ਦੇ ਇਸੇ ਮਹਾਨ ਉਪਦੇਸ਼ ਨੂੰ ਅਮਲ ਵਿਚ ਲਿਆਂਦਾ ਜਾ ਰਿਹਾ ਹੈ।)

(13) "ਜੇ ਬ੍ਰਾਹਮਣ ਨੇ ਖੇਤੀ ਕਰਨੀ ਹੋਵੇ, ਤਾਂ ਜਿੰਨੀ ਜੀਅ ਕਰੇ, ਜ਼ਮੀਨ ਕਾਬੂ ਕਰ ਲਵੇ।ਚੂੰਕਿ ਬ੍ਰਾਹਮਣ ਹੀ ਸਰਬ ਸ੍ਰਿਸ਼ਟੀ ਦਾ ਮਾਲਕ ਹੈ, ਉਸ ਪਾਸੋਂ ਜ਼ਮੀਨ ਦਾ ਕੋਈ ਮਾਮਲਾ ਉਗਰਾਹਿਆ ਨਹੀਂ ਜਾ ਸਕਦਾ।"

*(ਵ੍ਰਹਿਤ ਪਰਾਸਰ ਸੰਹਿਤਾ, ਅ: 3)*

(14) ਬਦ-ਚਲਣ ਅਤੇ ਇਖਲਾਕ-ਹੀਣ ਬ੍ਰਾਹਮਣ ਭੀ ਆਦਰ ਯੋਗ ਅਤੇ ਪੂਜਣਯੋਗ ਹੈ।ਜੇ ਸ਼ੂਦਰ ਬੜੇ ਉਚੇ ਆਚਰਨ ਵਾਲਾ ਜਾਂ ਸਦਾਚਾਰੀ ਭੀ ਹੋਵੇ, ਤਾਂ ਵੀ ਉਸ ਨੂੰ ਆਦਰ ਦੇਣਾ ਉਚਿਤ ਨਹੀਂ।"

*(ਪਰਾਸਰ ਸੰਹਿਤਾ, ਅ: 6)*

(15) "ਜੇ ਬ੍ਰਾਹਮਣ ਚੋਰੀ ਦੇ ਅਪਰਾਧ ਵਿਚ ਭੀ ਰੰਗੇ ਹੱਥੀਂ ਫੜ ਲਿਆ ਗਿਆ ਹੋਵੇ, ਤਾਂ ਭੀ ਉਸ ਨੂੰ ਚੋਰੀ ਦੀ ਸਜ਼ਾ ਨਹੀਂ ਦਿਤੀ ਜਾਣੀ ਚਾਹੀਦੀ, ਕਿਉਂਕਿ ਰਾਜੇ ਦੀ ਬੇਵਕੂਫੀ ਕਰ ਕੇ ਹੀ ਬ੍ਰਾਹਮਣ ਭੁੱਖ ਤੋਂ ਬਚਣ ਲਈ ਚੋਰੀ ਕਰਨ ਉਤੇ ਮਜ਼ਬੂਰ ਹੁੰਦਾ ਹੈ।"

*(ਮਨੂ, ਅ: 77, ਸ਼: 22)*



Sri Satguru Jagjit Singh Ji eLibrary NamdhariElibrary@gmail.com

www.archive.org/details/namdhari

(16) "ਬ੍ਰਾਹਮਣ ਭਾਵੇਂ ਵਿਦਵਾਨ ਹੋਵੇ, ਭਾਵੇਂ ਪੱਕਾ ਮੂਰਖ, ਉਸ ਨੂੰ ਸਦਾ ਮਹਾਨ ਦੇਵਤਾ ਕਰ ਕੇ ਹੀ ਜਾਣਨਾ ਚਾਹੀਦਾ ਹੈ।"

*(ਮਨੂ ਅ: 9, ਸ਼: 347)*

(17) "ਗਿਆਨ ਅਤੇ ਗੁਣ-ਹੀਨ ਬ੍ਰਾਹਮਣ ਭੀ ਸੇਵਾ ਕਰਨ ਲਾਇਕ ਹੈ, ਪਰ ਗਿਆਨ ਅਤੇ ਗੁਣਾਂ ਨਾਲ ਭਰਪੂਰ ਹੋਣ ਉਤੇ ਭੀ ਸੂਦਰ ਆਦਰ, ਮਾਣ ਅਤੇ ਸੇਵਾ ਦਾ ਪਾਤਰ ਨਹੀਂ ਬਣ ਸਕਦਾ।"

*(ਗੋਸਾਈਂ ਤੁਲਸੀਦਾਸ)*

ਉਪਰੋਕਤ ਕਿਸਮ ਦੇ ਉਪਦੇਸ਼ ਬ੍ਰਾਹਮਣਾਂ ਦੇ ਧਰਮ ਗ੍ਰੰਥਾਂ ਅਤੇ ਲਿਖਤਾਂ ਦੇ ਸ਼ਿੰਗਾਰ ਹੀ ਨਹੀਂ ਰਹੇ, ਬਲਕਿ ਇਤਿਹਾਸ ਸਪਸ਼ਟ ਕਰ ਦਿੰਦਾ ਹੈ ਕਿ ਹਿੰਦ ਵਿਚ ਬ੍ਰਾਹਮਣ ਨੇ ਇਸੇ ਭਾਂਤ ਦੇ ਸਮਾਜ ਦੀ ਸਿਰਜਣਾ ਕਰ ਦਿਤੀ ਹੋਈ ਸੀ।ਸੂਦਰ ਕਹੀ ਜਾਣ ਵਾਲੀ ਸ਼ਰੇਣੀ ਨਾਲ ਸਦੀਆਂ ਤਕ ਅਤਿ ਦਰਜੇ ਦੀ ਕਮੀਨੀ ਅਤੇ ਅਣ-ਮਨੁੱਖੀ ਬਦ-ਸਲੂਕੀ ਹੁੰਦੀ ਰਹੀ।ਲਗਾਤਾਰ ਦੀ ਏਨੀ ਦੁਰੇ ਦੁਰੇ ਪਿਛੋਂ ਜਦ ਇਸਲਾਮ ਧਾਰਨ ਕਰਨ ਪਿਛੋਂ ਸ਼ੂਦਰਾਂ ਨੂੰ ਸਮਾਜ ਵਿਚ ਆਦਰ ਯੋਗ ਤੇ ਬਰਾਬਰੀ ਦਾ ਦਰਜਾ ਇਸਲਾਮ ਵੱਲੋਂ ਦਿਤਾ ਜਾ ਰਿਹਾ ਸੀ ਤਾਂ ਇਹ ਗੱਲ ਕੁਦਰਤੀ ਸੀ ਕਿ ਸ਼ੂਦਰ ਧੜਾ ਧੜ ਇਸਲਾਮ ਵਿਚ ਦਾਖਲ ਹੁੰਦੇ ਗਏ।ਬ੍ਰਾਹਮਣੀ ਮਤ ਦੀ ਇਸ ਸਿਧਾਂਤਕ ਕਮਜ਼ੋਰੀ ਤੇ ਸਮਾਜਕ ਬੁਰਾਈ ਅਤੇ ਅਨਾਚਾਰ ਨੇ ਭੀ ਇਸਲਾਮ ਦੇ ਪ੍ਰਚਾਰ ਦਾ ਰਾਹ ਬਹੁਤ ਮੋਕਲਾ ਕਰ ਦਿਤਾ।ਇਸਲਾਮ ਦੇ ਵਧੇਰੇ ਫੈਲਦੇ ਜਾਣ ਦਾ ਤੀਜਾ ਮਹੱਤਵ-ਭਰਿਆ ਕਾਰਨ ਸੀ ਇਸਲਾਮ ਦੇ ਸੰਤਾਂ, ਪੀਰਾਂ, ਫ਼ਕੀਰਾਂ ਦਾ ਦਿਲ-ਖਿਚਵਾਂ ਪ੍ਰਚਾਰ ਢੰਗ।ਸੂਫੀਆਂ ਦੇ ਅੱਡ ਅੱਡ ਸਿਲਸਿਲਿਆਂ ਦੀ ਗੱਲ ਪਿਛੇ ਕੀਤੀ ਜਾ ਚੁਕੀ ਹੈ।ਸੁਹਰਾ-ਵਰਦੀ, ਚਿਸਤੀ ਅਤੇ ਨਕਸ਼ਬੰਦੀ ਸਿਲਸਿਲਿਆਂ ਦੀ ਕਾਫ਼ੀ ਚਰਚਾ ਪਿਛੇ ਕੀਤੀ ਜਾ ਚੁਕੀ ਹੈ।ਇਥੇ ਸਖੀ ਸਰਵਰ ਦੀ ਗੱਦੀ ਦੇ ਸਰਬ-ਵਿਆਪੀ ਅਸਰਾਂ ਬਾਰੇ ਕੁਝ ਗੱਲ ਕਰਨੀ ਉਚਿਤ ਰਹੇਗੀ।

ਤਰਨ ਤਾਰਨ ਸ਼ਹਿਰ ਤੋਂ ਪੰਜ ਕੁ ਮੀਲਾਂ ਦੀ ਦੂਰੀ ਤੇ ਪੂਰਬ ਵਾਲੇ ਪਾਸੇ ਪਿੰਡ ਪਖੋਕੇ ਦੇ ਨਾਲ ਹੀ ਲਗਦੀ ਧਰਤੀ ਉਤੇ ਇਹ ਗੱਦੀ ਹੈ।ਇਹ ਸ਼ੇਖ ਫ਼ੱਤੇ ਦੀ ਗੱਦੀ ਹੈ, ਜੋ ਸਖੀ ਸਰਵਰ ਦੀ ਗੱਦੀ ਕਰ ਕੇ ਮਸ਼ਹੂਰ ਸੀ।ਸਖੀ ਸਰਵਰ ਦੇ ਪ੍ਰਚਾਰ ਦਾ ਅਸਰ ਪੰਜਾਬ ਦੇ ਸਭ ਇਲਾਕਿਆਂ ਵਿਚ ਸੀ।ਕੀ ਮਾਝਾ, ਕੀ ਮਾਲਵਾ ਤੇ ਕੀ ਦੁਆਬਾ, ਕੋਈ ਇਲਾਕਾ ਭੀ ਇਸ ਦੇ ਅਸਰਾਂ ਤੋਂ ਬਚਿਆ ਹੋਇਆ ਨਹੀਂ ਸੀ।

ਇਸ ਗੱਦੀ ਵਾਲਿਆਂ ਦੀ ਪ੍ਰਚਾਰ ਟੈਕਨੀਕ ਵੀ ਬੜੀ ਲਾ-ਜੁਆਬ ਸੀ।ਇਹਨਾਂ ਨੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਯਕਲਖਤ ਤੇ ਤਿੱਖੇ ਢੰਗ ਅਪਣਾਉਣ ਦੀ



Sri Satguru Jagjit Singh Ji eLibrary NamdhariElibrary@gmail.com

ਥਾਵੇਂ ਵਿਚਕਾਰਲਾ ਰਸਤਾ ਅਪਣਾਇਆ।ਇਹ ਸਭ ਤੋਂ ਪਹਿਲਾਂ ਹਿੰਦੂਆਂ ਨੂੰ ਸ਼ੇਖ ਫ਼ੱਤੇ ਦਾ ਸ਼ਰਧਾਲੂ ਬਣਾਉਂਦੇ ਸਨ।ਲਗਾਤਾਰ ਪ੍ਰਚਾਰ ਦਾ ਇਹ ਅਸਰ ਹੋਇਆ ਕਿ ਹਿੰਦੂ, ਫ਼ੱਤੇ ਨੂੰ ਬਹੁਤ ਵੱਡਾ ਮਹਾਂਪੁਰਖ ਕਰ ਕੇ ਜਾਣਨ ਲੱਗੇ।ਸਰਵਰੀਏ ਫ਼ਕੀਰ ਹਿੰਦੂਆਂ ਯਕਲਖਤ ਤੌਰ ਤੇ ਹਿੰਦੂ ਦਿਨ-ਤਿਉਹਾਰ ਛੱਡਣ ਲਈ ਕਦੀ ਵੀ ਨਹੀਂ ਕਹਿੰਦੇ ਸਨ।ਹਿੰਦੂ ਦਿਨ-ਤਿਉਹਾਰਾਂ ਦੇ ਸਮੇਂ, ਸਰਵਰੀਏ ਸ਼ਰਧਾਲੂ ਬ੍ਰਾਹਮਣ ਨੂੰ ਵੀ ਪੂਜ ਆਉਂਦੇ ਸਨ ਅਤੇ ਉਸ ਨੂੰ ਦਾਨ ਆਦਿਕ ਵੀ ਦੇ ਦਿੰਦੇ ਸਨ।ਨਾਲੋ ਨਾਲ ਹਰ ਜੁਮੇ ਰਾਤ ਨੂੰ ਭੁੰਜੇ ਸੌਂ ਕੇ ਅਤੇ ਅਨਾਜ ਅਤੇ ਦੁੱਧ ਦੀ ਖੀਰ ਸ਼ੇਖ ਫ਼ੱਤੇ ਦੀ ਗੱਦੀ ਤੇ ਵੀ ਚੜ੍ਹਾ ਦੇਂਦੇ ਸਨ।ਦਰਅਸਲ ਹਿੰਦੂ ਧਰਮ ਤੋਂ ਮੁਸਲਮਾਨ ਬਣਨ ਦਾ ਅੱਧਾ ਕੰਮ ਸਰਵਰੀਏ ਬਣਨ ਤਕ ਪੂਰਾ ਹੋ ਜਾਂਦਾ ਸੀ।

ਜਿਵੇਂ ਕਿ ਉੱਪਰ ਦੱਸਿਆ ਜਾ ਚੁਕਾ ਹੈ, ਕਿ ਇਹ ਗੱਦੀ ਮਾਝੇ ਦੇ ਐਨ ਵਿਦਕਾਰ ਤਰਨ ਤਾਰਨ ਦੇ ਲਾਗੇ ਹੀ ਸੀ।ਨੀਵੀਆਂ ਜ਼ਾਤਾਂ ਦੇ ਲੋਕ ਤਾਂ ਉਂਝ ਹੀ ਇਨ੍ਹਾਂ ਦਾ ਸ਼ਰਧਾਲੂ ਬਣ ਗਏ ਸਨ।ਦਰਿਆ ਚਨਾਬ ਤੋਂ ਪੱਛਮ ਵਾਲੇ ਸਾਰੇ ਇਲਾਕੇ ਦੇ ਲਗਭਗ ਸਭ ਹਿੰਦੂ ਜੱਟ ਗੁਰੂ ਪਾਤਸ਼ਾਹ ਦੇ ਸਮੇਂ ਤਕ ਮੁਸਲਮਾਨ ਬਣ ਚੁਕੇ ਸਨ।ਰਾਵੀ ਅਤੇ ਚਨਾਬ ਦੇ ਵਿਚਕਾਰਲਾ ਦੁਆਬਾ ਵੀ ਇਸਲਾਮੀ ਮਤ ਨੂੰ ਬਹੁਤ ਹੱਦ ਤਕ ਕਬੂਲ ਚੁਕਾ ਸੀ।ਰਾਵੀ ਅਤੇ ਬਿਆਸ ਵਿਚਕਾਰਲੇ ਦੁਆਬੇ ਵਿਚ ਇਸਲਾਮ ਮਤ ਦਾ ਅਜੇ ਇਤਨਾ ਡੂੰਘਾ ਅਸਰ ਨਹੀਂ ਸੀ ਪਿਆ।ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੱਟਾਂ ਦੇ ਜਿਹੜੇ ਖ਼ਾਨਦਾਨ ਅਜੇ ਤਕ ਇਸਲਾਮੀ ਮਤ ਵਿਚ ਪੂਰੀ ਤਰ੍ਹਾਂ ਦਾਖਲ ਨਹੀਂ ਸੀ ਹੋਏ, ਉਹ ਭੀ ਉਪਰੋਕਤ ਗੱਦੀ ਦੇ ਪ੍ਰਭਾਵ ਹੇਠ ਵਿਚਾਰਧਾਰਾ ਅਤੇ ਭਾਈਚਾਰੇ ਦੇ ਤੌਰ ਤੇ ਅੱਧੇ ਮੁਸਲਮਾਨ ਜ਼ਰੂਰ ਬਣ ਚੁਕੇ ਸਨ।ਸਰਵਰੀਆਂ ਦੀ ਗੱਦੀ ਦੇ ਇਸ ਸਰਬ-ਵਿਆਪਕ ਪ੍ਰਭਾਵ ਨੂੰ ਠੱਲ੍ਹ ਪਾਉਣ ਲਈ ਹੀ ਸਿੱਖੀ ਦਾ ਕੇਂਦਰ ਪਹਿਲਾਂ ਕਰਤਾਰਪੁਰ ਤੋਂ ਖਡੂਰ ਵਿਖੇ ਤਬਦੀਲ ਕੀਤਾ ਗਿਆ ਸੀ।ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਵੱਡੇ ਕੇਂਦਰ ਅਸਥਾਪਤ ਕਰਨ ਦਾ ਮੂਲ ਕਾਰਨ ਭੀ ਸਿੱਖੀ ਪ੍ਰਚਾਰ ਦੇ ਹੜ੍ਹ ਨਾਲ ਸਰਵਰੀਆਂ ਦੀ ਬਣ ਚੁੱਕੀ ਭੱਲ ਨੂੰ ਖ਼ਤਮ ਕਰਨਾ ਹੀ ਸੀ।ਗੁਰੂ ਅਮਰਦਾਸ ਜੀ ਦੇ ਸਮੇਂ ਕੁਝ ਕਾਲ ਲਈ ਜੋ ਵਿਰੋਧ ਸਥਾਨਕ ਅਬਾਦੀ ਵੱਲੋਂ ਹੁੰਦਾ ਰਿਹਾ, ਉਸ ਪਿਛੇ ਭੀ ਸਰਵਰੀਆਂ ਦੀ ਗੱਦੀ ਦੀ ਚੁੱਕਣਾ ਹੀ ਸੀ।ਦਰ ਹਕੀਕਤ ਸਿੱਖੀ-ਪ੍ਰਚਾਰ ਦਾ ਤਰਨ ਤਾਰਨ ਵਾਲਾ ਕੇਂਦਰ, ਸਰਵਰੀਆਂ ਨੂੰ ਬਹੁਤ ਚੁਭ ਰਿਹਾ ਸੀ, ਕਿਉਂਕਿ ਇਸ ਕੇਂਦਰ ਦੇ ਅੱਤ ਪ੍ਰਭਾਵਸ਼ਾਲੀ ਪ੍ਰਚਾਰ ਢੰਗ ਨੇ ਬੇਸ਼ੁਮਾਰ ਸਰਵਰੀਆਂ ਨੂੰ ਸਿੱਖੀ ਦਾ ਸ਼ਰਧਾਲੂ ਹੀ ਨਾ ਬਣਾ ਦਿਤਾ, ਬਲਕਿ ਉਹਨਾਂ ਵਿਚੋਂ ਕਈਆਂ ਨੂੰ ਸਿੱਖ ਮਤ ਦੇ ਮਹਾਨ ਪ੍ਰਚਾਰਕ ਬਣਨ ਉਤੇ ਮਜ਼ਬੂਰ ਕਰ



Sri Satguru Jagjit Singh Ji eLibrary NamdhariElibrary@gmail.com

ਦਿਤਾ।ਭਾਈ ਮੰਝ ਅਤੇ ਭਾਈ ਬਹਿਲੋ ਸਿੱਖੀ ਦੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੇ ਮਹਾਨ ਸਿੱਖ ਪ੍ਰਚਾਰਕ ਹੋਏ ਹਨ, ਜਿਨ੍ਹਾਂ ਨੇ ਸਖੀ ਸਰਵਰ ਦੀ ਗੱਦੀ ਨਾਲੋਂ ਸਦਾ ਲਈ ਨਾਤਾ ਤੋੜ ਲਿਆ ਸੀ।ਸਰਵਰੀਏ ਫ਼ਕੀਰ ਇਹ ਗੱਲ ਚੰਗੀ ਤਰ੍ਹਾਂ ਸਮਝ ਚੁਕੇ ਸਨ ਕਿ ਉਹ ਗੁਰੂ ਨਾਨਕ ਦੀ ਗੱਦੀ ਦਾ ਟਾਕਰਾ ਕਿਸੇ ਜਾਇਜ਼ ਢੰਗ ਨਾਲ ਹੁਣ ਨਹੀਂ ਕਰ ਸਕਣਗੇ।ਉਹ ਹੋਛੇ ਹਥਿਆਰਾਂ ਉਤੇ ਉਤਰ ਆਏ।ਸਰਵਰੀਏ ਫ਼ਕੀਰਾਂ ਨੇ ਆਪਣੇ ਸ਼ਰਧਾਲੂਆਂ ਵਿਚ ਖ਼ਾਸ ਕਰ ਕੇ ਹਿੰਦੂ ਜੱਟਾਂ ਵਿਚ ਸਿੱਖੀ ਵਿਰੁੱਧ ਜ਼ਹਿਰੀਲਾ ਪ੍ਰਚਾਰ ਕੀਤਾ।ਉਹ ਆਪਣੇ ਕਿਸੇ ਵੀ ਮੁਰੀਦ ਨੂੰ ਕਿਸੇ ਵੀ ਸਿੱਖ ਰਸਮ ਨਾਲ ਕੋਈ ਸਬੰਧ ਨਹੀਂ ਸਨ ਰੱਖਣ ਦਿੰਦੇ।ਸਿੱਖ ਮਤ ਨੂੰ ਭੀ ਗੁਰੂ ਅਰਜਨ ਦੇਵ ਜੀ ਨੇ ਮਿਲ-ਗੋਭਾ ਸ਼ਕਲ ਅਖਤਿਆਰ ਨਾ ਕਰਨ ਦਿਤੀ।ਜਦੋਂ ਵੀ ਕੋਈ ਸਰਵਰੀਆ ਸਿੱਖੀ ਧਾਰਨ ਕਰਨਾ ਚਾਹੁੰਦਾ ਤਾਂ ਉਸ ਲਈ ਲਾਜ਼ਮੀ ਸੀ ਕਿ ਉਹ ਪਹਿਲਾਂ ਆਪਣੇ ਘਰੋਂ ਪੀਰ-ਖ਼ਾਨਾ ਚੁਕਵਾਏ ਅਤੇ ਨਗਾਹੇ ਦੀ ਪੂਜਾ ਸਦਾ ਲਈ ਛੱਡ ਦੇਵੇ।

ਗੁਰੂ ਅਰਜਨ ਦੇਵ ਜੀ ਨੇ ਸ਼ਹਿਰ ਤਰਨ ਤਾਰਨ ਅਤੇ ਇਸ ਦੇ ਸਰੋਵਰ ਦੀ ਨੀਂਹ ਸੰਨ 1590 ਵਿਚ ਰੱਖੀ ਸੀ।ਜਦ ਦੂਰ ਬੈਠੇ, ਅੰਮ੍ਰਿਤਸਰ ਹੋਣ ਵਾਲੇ ਸਿੱਖੀ ਦੇ ਪ੍ਰਚਾਰ ਦੀ ਤਾਬ ਹੀ ਇਹ ਸਰਵਰੀਏ ਨਹੀਂ ਸਨ ਝੱਲ ਸਕੇ, ਤਾਂ ਇਹ ਗੱਲ ਕੁਦਰਤੀ ਹੀ ਸੀ ਕਿ ਉਹ ਤਰਨ ਤਾਰਨ ਦੇ ਸਿੱਖੀ-ਪ੍ਰਚਾਰ ਕੇਂਦਰ ਨੂੰ ਆਪਣੇ ਲਈ ਇਕ ਬੜਾ ਵੱਡਾ ਖ਼ਤਰਾ ਅਨੁਭਵ ਕਰਦੇ।ਤਰਨ ਤਾਰਨ ਦਾ ਸਰੋਵਰ ਪੱਕਾ ਕਰਨ ਸਮੇਂ ਸਰਵਰੀਆਂ ਦੀ ਇਹ ਵਿਰੋਧਤਾ ਹੋਰ ਉਘੜ ਕੇ ਸਾਮ੍ਹਣੇ ਆ ਗਈ।ਇਹਨਾਂ ਦੁਸ਼ਟਾਂ ਦੀ ਚੁਕਣਾ ਉਤੇ ਇਲਾਕੇ ਦੇ ਹਾਕਮ ਨੂਰਦੀਨ ਦੇ ਪੁੱਤਰ ਅਮੀਰਦੀਨ ਨੇ ਗੁਰੂ ਅਰਜਨ ਦੇਵ ਜੀ ਦੀ ਸੰਗਤ ਵੱਲੋਂ ਪਕਾਏ ਗਏ ਇੱਟਾਂ ਦੇ ਆਵਿਆਂ ਤੋਂ ਬਦੋਬਦੀ ਇੱਟਾਂ ਚੁਕਵਾ ਲਈਆਂ।ਇਤਨਾ ਸਭ ਕੁਝ ਹੋਣ ਦੇ ਬਾਵਜੂਦ ਭੀ ਸਿੱਖੀ ਪ੍ਰਚਾਰ ਦੀ ਰਫ਼ਤਾਰ ਨੂੰ ਮੱਠਾ ਨਾ ਕੀਤਾ ਜਾ ਸਕਿਆ।(ਇਥੇ ਇਹ ਗੱਲ ਵੀ ਜਾਣ ਲੈਣੀ ਚਾਹੀਦੀ ਹੈ ਕਿ ਸੰਨ 1774-75 ਦੇ ਨੇੜੇ ਸ: ਬੁੱਧ ਸਿੰਘ ਫੈਜ਼ਲਾਪੁਰੀਏ ਦੀ ਅਗਵਾਈ ਹੇਠ ਸਿੰਘਾਂ ਨੇ ਅਮੀਰਦੀਨ ਦੀ ਸਾਰੀ ਹਵੇਲੀ ਢਾਹ ਕੇ ਉਹ ਸਭ ਇੱਟਾਂ ਵਾਪਸ ਲੈ ਆਂਦੀਆਂ ਅਤੇ ਤਰਨ ਤਾਰਨ ਦੇ ਸਰੋਵਰ ਸਾਹਿਬ ਉਤੇ ਲਗਾ ਦਿਤੀਆਂ ਸਨ)।

ਉਪਰੋਕਤ ਸਾਰੇ ਬਿਆਨ ਤੋਂ ਇਹ ਗੱਲ ਭਲੀ ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਅਰਜਨ ਪਾਤਸ਼ਾਹ ਅਤੇ ਉਨ੍ਹਾਂ ਦੀ ਸਿੱਖ ਲਹਿਰ ਦਾ ਭਰਵਾਂ ਵਿਰੋਧ ਸਰਵਰੀਆਂ ਵੱਲੋਂ ਹੁੰਦਾ ਰਿਹਾ, ਪਰ ਉਹ ਸਿੱਖੀ ਦੀ ਤਾਬ ਨਾ ਝੱਲ ਸਕੇ ਅਤੇ ਮਾਝੇ ਵਿਚ ਹੀ ਨਹੀਂ, ਮਾਲਵੇ ਅਤੇ ਦੁਆਬੇ ਵਿਚ ਭੀ ਗੁਰੂ ਪਾਤਸ਼ਾਹ ਦੇ ਸਿਧਾਂਤਾਂ ਦਾ



Sri Satguru Jagjit Singh Ji eLibrary NamdhariElibrary@gmail.com

ਟਾਕਰਾ ਨਾ ਕਰ ਸਕੇ।ਹਰ ਪਾਸੇ ਗੁਰੂ ਨਾਨਕ ਦੇ ਸਰਬ-ਉੱਚ ਮਤ ਦਾ ਝੰਡਾ ਬੁਲੰਦ ਹੋਣ ਲੱਗਾ।

ਇਹੋ ਜਿਹੇ ਤਿੱਖੇ ਵਿਰੋਧੀਆਂ ਦੀ ਮੌਜੂਦਗੀ ਵਿਚ ਸਿੱਖੀ ਪ੍ਰਚਾਰ ਕਰਨਾ ਅਤੇ ਸਿੱਖੀ ਸ਼ਾਨ ਨੂੰ ਚਾਰ ਚੰਨ ਲਾਉਣੇ ਕੋਈ ਸੌਖਾ ਕੰਮ ਨਹੀਂ ਸੀ ਅਤੇ ਗੁਰੂ ਪਾਤਸ਼ਾਹ ਤੋਂ ਬਿਨਾਂ ਇਸ ਕੰਮ ਨੂੰ ਹੋਰ ਕੋਈ ਸਰੰਜਾਮ ਨਹੀਂ ਦੇ ਸਕਦਾ ਸੀ।

## (4) ਕਾਹਨਾ, ਪੀਲੋ ਆਦਿਕ ਭਗਤ

ਉਂਞ ਤਾਂ ਪ੍ਰੋਫੈਸਰ ਸਾਹਿਬ ਸਿੰਘ ਆਦਿਕ ਵਿਦਵਾਨਾਂ ਦੀਆਂ ਨਵੀਨ ਖੋਜਾਂ ਸਿਧ ਕਰ ਹੀ ਚੁਕੀਆਂ ਹਨ ਕਿ ਬਾਣੀ ਦੀ ਸੰਭਾਲ ਦਾ ਕੰਮ ਪਹਿਲੇ ਜਾਮੇ ਤੋਂ ਹੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਦਿਤਾ ਸੀ, ਭਗਤ ਬਾਣੀ ਵੀ ਆਪ ਜੀ ਨੇ ਇਕੱਤਰ ਕਰ ਕੇ ਆਪਣੀ ਬਾਣੀ ਨਾਲ ਹੀ ਰੱਖ ਲਈ ਸੀ।ਮਗਰਲੇ ਜਾਮਿਆਂ ਦੀ ਬਾਣੀ ਸਮੇਂ ਅਨੁਸਾਰ ਉਸ ਵਿਚ ਸ਼ਾਮਲ ਕੀਤੀ ਜਾਂਦੀ ਰਹੀ ਅਤੇ ਗੁਰਗੱਦੀ ਦੀ ਅਗਲੇ ਜਾਮੇ ਨੂੰ ਸੌਂਪਣਾ ਸਮੇਂ ਇਹ ਸਾਰੀ ਬਾਣੀ ਦਾ ਸੰਗ੍ਰਹਿ ਭੀ ਦੇ ਦਿਤਾ ਜਾਂਦਾ ਰਿਹਾ।ਗੁਰੂ ਅਰਜਨ ਦੇਵ ਜੀ ਨੇ ਆਪ ਬੜੀ ਵੱਡੀ ਮਿਕਦਾਰ ਵਿਚ ਬਾਣੀ ਦੀ ਰਚਨਾ ਕੀਤੀ ਸੀ।ਆਪ ਜੀ ਨੇ ਆਪਣੇ ਤੋਂ ਪਹਿਲੇ ਦੇ ਗੁਰੂ ਜਾਮਿਆਂ ਦੀ ਬਾਣੀ, ਭਗਤ ਕਬੀਰ, ਨਾਮਦੇਵ, ਰਵਿਦਾਸ, ਸ਼ੇਖ ਫ਼ਰੀਦ ਆਦਿਕ ਮਹਾਂਪੁਰਖਾਂ ਦੀ ਬਾਣੀ ਨੂੰ ਸਮੂਹ ਮਨੁੱਖਤਾ ਦੀ ਰਹਿਨੁਮਾਈ ਲਈ ਤਰਤੀਬ ਦੇ ਕੇ ਲਿਖਵਾਇਆ।ਗੁਰੂ ਵਿਅਕਤੀਆਂ ਸਮੇਤ ਇਸ ਸੰਗ੍ਰਹਿ ਵਿਚ 34 ਮਹਾਂਪੁਰਖ ਵਿਅਕਤੀਆਂ ਦਾ ਕਲਾਮ ਹੋ ਗਿਆ, ਜਿਸ ਵਿਚ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸ਼ਾਮਿਲ ਕੀਤੀ।ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਲ 35 ਮਹਾਪੁਰਖਾਂ ਦੀ ਬਾਣੀ ਹੋ ਗਈ।

ਇਸ ਲੇਖ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਮਹਾਨਤਾ ਦਾ ਵਿਸਥਾਰ ਕਰਨਾ ਮਜ਼ਮੂਨ ਦੇ ਮੂਲ ਵਿਸ਼ੇ ਤੋਂ ਪਰੇ ਜਾਣ ਦੀ ਗੱਲ ਬਣ ਜਾਂਦੀ ਹੈ, ਸੋ ਉਸ ਲਈ ਤਾਂ ਅੱਡਰੇ ਲੇਖ ਵਿਚ ਹੀ ਵਿਚਾਰ ਪ੍ਰਗਟ ਕੀਤੇ ਜਾ ਸਕਦੇ ਹਨ।ਇਥੇ ਸਿਰਫ ਇਹ ਪ੍ਰਗਟ ਕਰ ਦੇਣਾ ਹੀ ਕਾਫੀ ਸਮਝਦੇ ਹਾਂ ਕਿ ਸੰਸਾਰ ਦੇ ਸਾਰੇ ਧਾਰਮਕ ਇਤਿਹਾਸ ਵਿਚ ਬਾਣੀ ਦਾ ਇਹ ਪਵਿੱਤਰ ਸੰਗ੍ਰਹਿ ਨਿਰੋਲ ਲਾਸਾਨੀ ਅਸਥਾਨ ਰਖਦਾ ਹੈ ਅਤੇ ਸਮੂਹ ਮਨੁੱਖਤਾ ਦੀ ਸਰਬ-ਸਾਂਝੀ ਰਹਿਨੁਮਾਈ ਲਈ ਸਭ ਤੋਂ ਅਦੁਤੀ ਗਿਆਨ ਦਾ ਭੰਡਾਰ ਹੈ।ਇਸ ਵਿਚ ਸੰਪਾਦਤ ਵੀਚਾਰ ਸਰਬ-ਕਾਲੀ ਅਤੇ ਸਰਬ-ਦੇਸੀ ਹਨ।ਇਹਨਾਂ ਵੀਚਾਰਾਂ ਅਤੇ ਸਿਧਾਂਤਾਂ ਦਾ ਤ੍ਰੈਕਾਲ-ਸਤਿ ਹੋਣਾ ਦੁਨੀਆ ਦੇ ਅਨੇਕਾਂ ਸੂਝਵਾਨ ਤੇ ਨਿਰਪੱਖ ਵਿਦਵਾਨ ਭੀ ਮੰਨ ਚੁਕੇ ਹਨ··ਚਾਹੇ ਉਹ ਖੁਦ ਗੈਰ-ਸਿੱਖ ਭੀ ਕਿਉਂ ਨਾ ਹੋਣ।



Sri Satguru Jagjit Singh Ji eLibrary NamdhariElibrary@gmail.com

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵ ਕਾਲ ਲਈ ਗੁਰਗੱਦੀ ਦੇ ਦੇਣ ਪਿਛੋਂ ਤਾਂ ਸਾਰਾ ਸਿੱਖ ਜਗਤ ਲਾਜ਼ਮੀ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮੂਹਰੇ ਨਤ-ਮਸਤਕ ਹੁੰਦਾ ਹੈ, ਪਰ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਸਮੇਂ ਭੀ ਬਾਣੀ ਦੇ ਇਸ ਸੰਗ੍ਰਹਿ ਨੂੰ ਉੱਚ ਅਸਥਾਨ ਪ੍ਰਾਪਤ ਸੀ।ਗੁਰੂ ਅਰਜਨ ਦੇਵ ਜੀ ਖ਼ੁਦ ਆਪਣਾ ਆਸਨ ਸਦਾ ਹੀ ਗੁਰੂ ਗ੍ਰੰਥ ਸਾਹਿਬ ਤੋਂ ਨੀਵਾਂ ਰੱਖਦੇ ਸਨ।

ਸਾਡੀ ਜਾਚੇ ਇਸ ਸੰਗ੍ਰਹਿ ਵਿਚ ਜੋ ਜੋ ਰਚਨਾ ਤੇ ਜੋ ਜੋ ਲਿਖਾਰੀ ਸ਼ਾਮਲ ਕੀਤੇ ਗਏ ਉਹ ਦੋ ਕਸੌਟੀਆਂ ਉੱਤੇ ਪਰਖਣ ਉਪਰੰਤ ਤੇ ਪੂਰੇ ਉਤਰਨ ਉਪਰੰਤ ਹੀ ਇਸ ਵਿਚ ਅਸਥਾਨ ਪ੍ਰਾਪਤ ਕਰ ਸਕੇ।ਪਹਿਲੀ ਕਸੌਟੀ ਸੀ, ਆਪਣੇ ਅਮਲੀ ਸੱਚੇ ਜੀਵਨ ਦੀ।ਜੋ ਕਹੇ ਕੁਝ ਤੇ ਕਮਾਏ ਕੁਝ, ਐਸੇ ਨਿਰੇ ਕਥਨੀ ਦੇ ਸੂਰੇ ਇਸ ਸੰਗ੍ਰਹਿ ਵਿਚ ਕੋਈ ਅਸਥਾਨ ਹਾਸਲ ਨਹੀਂ ਸਨ ਕਰ ਸਕਦੇ।ਦੂਜੀ ਕਸੌਟੀ ਸੀ, ਵੀਚਾਰ ਦੀ ਪ੍ਰਮੁੱਖ ਧਾਰਾ ਦੀ ਏਕਤਾ ਦੀ।ਚੂੰਕਿ ਇਸ ਸੰਗ੍ਰਹਿ ਵਿਚ ਲਗਭਗ ਤਿੰਨ ਦਰਜਨ ਵਿਅਕਤੀਆਂ ਦੀ ਬਾਣੀ ਸ਼ਾਮਲ ਹੋ ਚੁਕੀ ਸੀ, ਇਹ ਜ਼ਰੂਰੀ ਸੀ ਕਿ ਵਿਚਾਰਾਂ ਦੀ ਏਕਤਾ ਕਾਇਮ ਰੱਖੀ ਜਾਏ।ਇਕ ਵਿਅਕਤੀ ਕੁਝ ਉਪਦੇਸ਼ ਕਰੇ, ਦੂਜਾ ਹੋਰ ਤੇ ਤੀਜਾ ਬਿਲਕੁਲ ਕੁਝ ਹੋਰ ਤਾਂ ਇਸ ਸੰਗ੍ਰਹਿ ਦੇ ਸ਼ਰਧਾਲੂ ਕਿਸੇ ਸਿਰੇ ਲੱਗਣ ਦੀ ਥਾਂ ਭੰਬਲ-ਭੂਸਿਆਂ ਵਿਚ ਹੀ ਫਸੇ ਰਹਿੰਦੇ।ਇਹਨਾਂ ਕਸੌਟੀਆਂ ਉਤੇ ਕੱਸਣ ਉਪਰੰਤ ਤੇ ਪੂਰਾ ਉਤਰਨ ਉਪਰੰਤ ਹੀ ਸੰਬੰਧਤ ਮਹਾਂਪੁਰਖ ਹੀ ਇਸ ਵਿਚ ਸ਼ਾਮਲ ਹੋ ਸਕੇ।ਭਾਵੇਂ ਇਸ ਅਸੂਲ ਦੀ ਪੂਰਤੀ ਲਈ ਗੁਰੂ ਜੀ ਨੂੰ ਬੜੀਆਂ ਵੱਡੀਆਂ ਕੀਮਤਾਂ ਅਦਾ ਕਰਨੀਆਂ ਪਈਆਂ।

ਅਜਿਹੇ ਲਾਸਾਨੀ ਬਾਣੀ ਸੰਗ੍ਰਹਿ ਵਿਚ ਸ਼ਾਮਲ ਹੋਣ ਲਈ ਕਈ ਅਨ-ਅਧਿਕਾਰੀ ਵਿਅਕਤੀਆਂ ਨੇ ਹੱਥ ਪੈਰ ਮਾਰਨੇ ਹੀ ਸਨ।ਇਹ ਹੱਥ ਪੈਰ ਉਹਨਾਂ ਨੇ ਮਾਰੇ ਅਤੇ ਪੂਰੇ ਜਤਨ ਨਾਲ ਮਾਰੇ, ਭਾਵੇਂ ਇਸ ਵਿਚ ਉਹਨਾਂ ਨੂੰ ਉੱਕਾ ਹੀ ਨਾ-ਕਾਮਯਾਬ ਹੋਣਾ ਪਿਆ।ਅਜਿਹੇ ਅਨ-ਅਧਿਕਾਰੀ ਪ੍ਰਾਣੀਆਂ ਦਾ ਗੁਰੂ ਸਾਹਿਬ ਨਾਲ ਨਾਰਾਜ਼ ਹੋ ਜਾਣਾ ਬਿਲਕੁਲ ਕੁਦਰਤੀ ਸੀ, ਜੋ ਮਗਰੋਂ ਉਹਨਾਂ ਵੱਲੋਂ ਗੁਰੂ ਘਰ ਦੀ ਵਿਰੋਧਤਾ ਦੇ ਨਤੀਜੇ ਦੇ ਰੂਪ ਵਿਚ ਪ੍ਰਗਟ ਹੁੰਦਾ ਰਿਹਾ।

ਬਾਣੀ ਦਾ ਸੰਗ੍ਰਹਿ ਤਿਆਰ ਹੋਣ ਸਮੇਂ ਕਾਹਨਾਂ, ਛਜੂ, ਪੀਲੋ ਤੇ ਸ਼ਾਹ ਹੁਸੈਨ ਆਦਿਕ ਪੰਜਾਬੀ ਭਗਤਾਂ ਦੇ ਗੁਰੂ ਦਰਬਾਰ ਵਿਖੇ ਹਾਜ਼ਰ ਹੋਣ ਦੇ ਹਵਾਲੇ ਮਿਲਦੇ ਹਨ।ਉਹ ਇਸ ਖ਼ਾਹਿਸ਼ ਨਾਲ ਗੁਰੂ ਸਾਹਿਬ ਪਾਸ ਹਾਜ਼ਰ ਹੋਏ ਸਨ ਕਿ ਉਹ ਆਪਣੀ ਕਵਿਤਾ ਨੂੰ ਬਾਣੀ ਸੰਗ੍ਰਹਿ ਵਿਚ ਸ਼ਾਮਲ ਕਰਵਾ ਲੈਣਗੇ।ਇਹਨਾਂ ਵਿਚੋਂ ਕੁਝ



Sri Satguru Jagjit Singh Ji eLibrary NamdhariElibrary@gmail.com

ਕੁ ਭਗਤਾਂ ਨੇ ਆਪਣੇ ਆਸ ਪਾਸ ਦੇ ਦਾਇਰੇ ਅੰਦਰ ਵਾਹਵਾ ਭੱਲ ਬਣਾ ਰੱਖੀ ਸੀ ਅਤੇ ਆਪਣੇ ਆਤਮ ਦਰਸ਼ੀ ਹੋਣ ਦੀ ਬੇ-ਬੁਨਿਆਦ ਗੱਲ ਵਜਾ ਰੱਖੀ ਸੀ।ਉਂਝ ਕੋਈ ਖਾਸ ਕੰਮ ਦੀ ਗੱਲ ਇਹਨਾਂ ਪਾਸ ਸੀ ਹੀ ਨਹੀਂ।ਕਾਹਨਾਂ ਗੁਰੂ ਘਰ ਦੇ ਇਕ ਹੋਰ ਵਿਰੋਧੀ ਚੰਦੂ ਸ਼ਾਹ ਦਾ ਰਿਸ਼ਤੇਦਾਰ ਸੀ।ਕਾਹਨੇ ਨੂੰ ਆਪਣੇ ਸਮਾਜਕ ਰੁਤਬੇ ਜਾਂ ਪੁਜ਼ੀਸ਼ਨ ਦਾ ਮਾਣ ਵੀ ਕੁਦਰਤੀ ਹੀ ਲਗਦਾ ਸੀ।

ਗੁਰੂ ਸਾਹਿਬ ਨੇ ਇਹਨਾਂ ਭਗਤਾਂ ਨੂੰ ਸਪੱਸ਼ਟ ਦੱਸ ਦਿਤਾ ਕਿ ਉਹਨਾਂ ਦੀ ਕਵਿਤਾ ਦੀ ਜਾਂਚ ਪੜਤਾਲ ਕਰਨ ਉਪਰੰਤ ਹੀ ਦੱਸਿਆ ਜਾ ਸਕਦਾ ਹੈ ਕਿ ਉਹ ਬਾਣੀ ਸੰਗ੍ਰਹਿ ਵਿਚ ਸ਼ਾਮਲ ਹੋ ਸਕਦੀ ਹੈ ਜਾਂ ਨਹੀਂ।ਨਿਰਪਖਤਾ ਤੇ ਧੜੇਬੰਦੀ ਤੋਂ ਨਿਰਲੇਪ ਰਹਿ ਕੇ ਕੇਵਲ ਉਪਰੋਕਤ ਦੋ ਕਸੌਟੀਆਂ ਉਤੇ ਪੂਰੀ ਉਤਰਨ ਪਿਛੋਂ ਹੀ ਕੋਈ ਰਚਨਾ ਇਸ ਸੰਗ੍ਰਹਿ ਵਿਚ ਸ਼ਾਮਲ ਹੋ ਸਕਦੀ ਸੀ।ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਕਾਹਨੇ ਨੂੰ ਆਪਣੀ ਰਚਨਾ ਬੋਲਣ ਲਈ ਕਿਹਾ।ਕਾਹਨੇ ਨੇ ਆਪਣੀ ਰਚਨਾ ਦੀ ਪਹਿਲੀ ਪੰਕਤੀ ਇਉਂ ਉਚਾਰੀ :

**"ਓਹੀ ਰੇ ਮੈਂ ਓਹੀ ਰੇ, ਜਾਕਉ ਵੇਦ ਪੁਰਾਨ ਜਸ ਗਾਵੈ।**
**ਖੋਜ ਦੇਖਉ ਮਤ ਕੋਈ ਰੇ।"**

ਵੇਦਾਂਤ ਦੀ ਛਾਂ ਪਈ ਹੋਣ ਕਾਰਨ ਕਾਹਨੇ ਦਾ ਉਪਰੋਕਤ ਵਿਚਾਰ ਗੁਰਬਾਣੀ ਦੀ ਪ੍ਰਮੁੱਖ ਸਿਧਾਂਤ-ਧਾਰਾ ਨਾਲ ਮੇਲ ਨਹੀਂ ਸੀ ਖਾਂਦਾ।ਹਉਮੈਂ ਭਰੀ ਹੋਣ ਕਾਰਨ ਗੁਰਮਤਿ ਧਾਰਨੀਆਂ ਦੇ ਅਪਨਾਉਣ ਅਨੁਕੂਲ ਨਹੀਂ ਸੀ ਇਹ ਰਚਨਾ।ਗੁਰੂ ਸਾਹਿਬ ਨੇ ਕਾਹਨੇ ਨੂੰ ਹੋਰ ਅਗਲੀ ਲਾਈਨ ਕਹਿਣ ਤੋਂ ਵਰਜ ਦਿਤਾ ਅਤੇ ਉਸ ਦੀ ਰਚਨਾ ਨੂੰ ਸੰਗ੍ਰਹਿ ਵਿਚ ਥਾਂ ਦੇਣ ਤੋਂ ਆਪਣੀ ਮਜ਼ਬੂਰੀ ਦਾ ਇਜ਼ਹਾਰ ਕਰ ਦਿਤਾ।ਫੇਰ ਛਜੂ ਨੂੰ ਆਪਣੀ ਗੱਲ ਪੇਸ਼ ਕਰਨ ਲਈ ਕਿਹਾ।ਇਹ ਜਵਾਨ ਇਸਤਰੀ ਜ਼ਾਤੀ ਤੋਂ ਪੁਰਾਣੇ ਹਿੰਦੂ ਪ੍ਰਭਾਵ ਕਾਰਨ ਇਤਨਾ ਯਰਕਿਆ ਪਿਆ ਸੀ ਕਿ ਕਹਿ ਉਠਿਆ :

**"ਕਾਗਦ ਸੰਦੀ ਪੂਤਰੀ ਤਊ ਨ ਤ੍ਰਿਆ ਨਿਹਾਰ।"**

ਇਸਤਰੀ ਨੂੰ ਪੰਚ ਭੂਤਕ ਰੂਪ ਵਿਚ ਦੇਖਣਾ ਤਾਂ ਕਿਤੇ ਰਿਹਾ, ਇਸਤਰੀ ਦੀ ਤਸਵੀਰ ਜਾਂ ਮੂਰਤ ਤੋਂ ਹੀ ਇਸ ਭਗਤ ਦੇ ਪਸੀਨੇ ਛੁੱਟੇ ਪਏ ਸਨ।ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ ਛਜੂ ਦੇ ਇਸ ਕਲਾਮ ਵਿਚ ਸਤਿ ਜਾਂ ਆਤਮਕ ਸਚਾਈ ਦੀ ਪੂਰੀ ਅਣਹੋਂਦ ਦੇਖੀ।ਪੂਰੀ ਤਰ੍ਹਾਂ ਨਾ-ਮਨਜ਼ੂਰ ਕਰ ਦਿਤਾ ਗਿਆ।ਗੁਰਮਤਿ ਵਿਚ ਇਸਤਰੀ ਦਾ "ਸੂਦਰ ਗੰਵਾਰ ਢੋਲ ਪਸ਼ੂ ਨਾਰੀ" ਦੇ ਹਿੰਦੂ ਸਿਧਾਂਤ ਅਨੁਸਾਰ ਖੰਡਨ ਨਹੀਂ, ਨਾ ਹੀ ਇਸ ਨੂੰ ਪੈਰ ਦੀ ਜੁੱਤੀ ਕਹਿ ਕੇ ਭੰਡਿਆ ਗਿਆ ਹੈ।ਇਥੇ ਤਾਂ **"ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ"** ਵਾਲਾ



Sri Satguru Jagjit Singh Ji eLibrary NamdhariElibrary@gmail.com

ਆਲਮਗੀਰੀ ਸਿਧਾਂਤ ਦਿਤਾ ਗਿਆ ਸੀ।ਜਿਸ ਨਾਰੀ ਦੀ ਕੁੱਖ ਵਿਚੋਂ ਬੜੇ ਬੜੇ ਆਤਮ ਦਰਸ਼ੀ, ਖੋਜੀ, ਮਹਾਤਮਾ ਆਦਿਕ ਪੈਦਾ ਹੋਏ, ਉਸ ਨਾਰੀ ਨੂੰ ਮਾਇਆ ਦਾ ਚੇਤੰਨ ਰੂਪ ਕਹਿ ਕੇ ਭੰਡਣਾ ਗੁਰਮਤਿ ਸਿਧਾਂਤ ਦੇ ਖ਼ਿਲਾਫ਼ ਸੀ।ਖ੍ਵਾਹ ਨਾਰੀ ਹੈ, ਖ੍ਵਾਹ ਪੁਰਖ, ਹਰ ਕਿਸੇ ਦੇ ਕਰਮ ਅਥਵਾ ਕਮਾਈ ਦੇ ਆਧਾਰ ਤੇ ਨਿਰਣਾ ਹੋਣਾ ਚਾਹੀਦਾ ਹੈ, ਇਹ ਗੁਰਮਤਿ ਸਿਧਾਂਤ ਹੈ।

ਪੀਲੋ ਭਗਤ ਦੀ ਵਾਰੀ ਆਈ।ਉਸ ਨੇ ਕੁੱਲ ਲੋਕਾਈ ਨੂੰ ਨਿਰਾਸ਼ਤਾ ਅਤੇ ਆਤਮ-ਹੀਣਤਾ ਦੀ ਡੂੰਘੀ ਖੱਡ ਵਿਚ ਸੁੱਟਣ ਲਈ ਕਿਆ ਲਾ-ਜੁਆਬ ਤੋਹਫਾ ਪੇਸ਼ ਕੀਤਾ ਹੈ :

**"ਅਸਾਂ ਨਾਲੋਂ ਸੇ ਭਲੇ ਜੰਮਦਿਆਂ ਮਰ ਗਏ।**
**ਚਿੱਕੜ ਪੈਰ ਨ ਬੋੜਿਆ ਨ ਆਲੂਦ ਭਏ।"**

ਪਾਤਸ਼ਾਹ ਗੁਰੂ ਅਰਜਨ ਦੇਵ ਨੂੰ ਕਹਿਣਾ ਪਿਆ, "ਪੀਲੋ ਜੀ! ਇਸ ਵਿਚ ਜਗਤ ਭਲਿਆਈ ਤੇ ਚੜ੍ਹਦੀ ਕਲਾ ਦਾ ਸੰਦੇਸ਼ ਹੋਣ ਦੀ ਥਾਂ ਘੋਰ ਢਹਿੰਦੀ ਕਲਾ ਵੱਲ ਲਿਜਾਣ ਦਾ ਮਾਰਗ ਦੱਸਿਆ ਗਿਆ ਹੈ।ਇਹ ਕੁਲੱਖਣਾ ਉਪਦੇਸ਼ ਮਨੁੱਖੀ ਜ਼ਾਤੀ ਦੇ ਗਲ ਕਿਵੇਂ ਪਾਇਆ ਜਾ ਸਕਦਾ ਹੈ ? ਪਾਤਸ਼ਾਹ ਗੁਰੂ ਨਾਨਕ ਦੇਵ ਨੇ ਜਗ ਨੂੰ ਸੱਚੇ ਦੀ ਕੋਠੜੀ ਕਿਹਾ ਹੈ।ਧਰਤੀ ਰੂਪੀ ਕਾਇਆ ਸਾਧ ਕੇ ਕਰਤਾਰ ਰੂਪੀ ਬੀਜ ਪਾਉਣ ਦੀ ਪ੍ਰੇਰਨਾ ਕੀਤੀ ਹੈ।ਗੁਰਮਤਿ ਸੰਦੇਸ਼ ਤਾਂ ਐਉਂ ਹੈ :

**ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ॥**

*(ਪੰਨਾ ੧੩੦੨)*

ਕਿਸੇ ਲਿਹਾਜ਼ ਮੁਲਾਹਜ਼ੇ ਨਾਲ ਤਾਂ ਕਿਸੇ ਦਾ ਕਲਾਮ ਇਸ ਬਾਣੀ ਸੰਗ੍ਰਹਿ ਵਿਚ ਚੜ੍ਹ ਨਹੀਂ ਸੀ ਸਕਦਾ।ਸ਼ਾਹ ਹੁਸੈਨ ਆਪ ਹੀ ਸਾਰੀ ਗੱਲ ਸਮਝ ਗਿਆ ਅਤੇ ਆਪਣੀ ਕਮਜ਼ੋਰੀ ਨੂੰ ਭਾਂਪ ਕੇ ਇਹ ਕਹਿ ਕੇ ਵਾਪਸ ਹੋ ਤੁਰਿਆ :

**"ਚੁਪ ਵੇ ਅੜਿਆ, ਚੁਪ ਵੇ ਅੜਿਆ।**
**ਬੋਲਣ ਦੀ ਨਹੀਂ ਜਾ ਵੇ ਅੜਿਆ।"**

ਪਰ ਕਾਹਨੇ ਆਦਿਕ ਭਗਤਾਂ ਨੇ ਇਸ ਗੱਲ ਵਿਚ ਆਪਣੀ ਹੇਠੀ ਸਮਝੀ।ਕਾਹਨੇ ਨੇ ਚੰਦੂ ਸ਼ਾਹ ਨਾਲ ਆਪਣੀ ਰਿਸ਼ਤੇਦਾਰੀ ਦੇ ਮਾਣ ਉਤੇ ਕੁਝ ਵੱਧ ਘੱਟ ਕੁਬਚਨ ਵੀ ਬੋਲੇ ਤੇ ਧਮਕੀਆਂ ਦੇਣ ਦਾ ਨਿਰਰਥਕ ਜਤਨ ਵੀ ਕੀਤਾ।ਇਸ ਤੋਂ ਪਹਿਲੇ ਕਿ ਉਹ ਆਪਣਾ ਕੋਈ ਨਾਪਾਕ ਇਰਾਦਾ ਪੂਰਾ ਕਰ ਸਕਦਾ, ਉਸ ਦੇ ਸਵਾਸ ਹੀ ਪੂਰੇ ਹੋ ਗਏ ਅਤੇ ਉਹ ਰਾਹ ਵਿਚ ਹੀ ਚਲਾਣਾ ਕਰ ਗਿਆ।



Sri Satguru Jagjit Singh Ji eLibrary NamdhariElibrary@gmail.com

ਇਹ ਭਗਤ ਤੇ ਇਹਨਾਂ ਵਰਗੇ ਕਈ ਹੋਰ ਭਗਤ ਤੇ ਉਹਨਾਂ ਦੇ ਸ਼ਰਧਾਲੂ ਦਰਅਸਲ ਗੁਰੂ ਸਾਹਿਬ ਨਾਲ ਸਿੱਧੀ ਟੱਕਰ ਨਹੀਂ ਸੀ ਲੈ ਸਕਦੇ।ਇਹ ਕਮਜ਼ੋਰ ਇਰਾਦੇ ਦੇ ਬੰਦੇ ਸਨ ਤੇ ਘਟੀਆ ਦਿਲ ਦਿਮਾਗ ਨੂੰ ਲੱਦੀ ਫਿਰ ਰਹੇ ਸਨ।ਇਹਨਾਂ ਪਾਸੋਂ ਜੋ ਮੁਖ਼ਾਲਫ਼ਤ ਸੰਭਵ ਸੀ, ਇਹਨਾਂ ਨੇ ਕੇਵਲ ਉਹੋ ਹੀ ਕੀਤੀ।ਬਹੁਤਾ ਕੁਝ ਤਾਂ ਇਹਨਾਂ ਪਾਸੋਂ ਸੰਭਵ ਹੀ ਨਹੀਂ ਸੀ।ਇਹਨਾਂ ਆਪਣੇ ਸ਼ਰਧਾਲੂਆਂ, ਜੋ ਗਿਣਤੀ ਵਿਚ ਵੀ ਬਹੁਤ ਜ਼ਿਆਦਾ ਨਹੀਂ ਸਨ, ਵਿਚ ਗੁਰੂ ਸਾਹਿਬ ਅਤੇ ਗੁਰੂ ਨਾਨਕ ਗੱਦੀ ਦੇ ਵਿਰੁੱਧ ਪ੍ਰਚਾਰ ਕੀਤਾ।ਕਿਤੇ ਕਿਤੇ ਆਪ ਜਾਂ ਆਪਣੇ ਸ਼ਰਧਾਲੂਆਂ ਰਾਹੀਂ ਅਸਰ ਰਸੂਖ ਵਾਲੇ ਹਾਕਮਾਂ ਅਥਵਾ ਬਾਦਸ਼ਾਹ ਦੇ ਦਰਬਾਰੀਆਂ ਤਕ ਚੁਗਲੀਆਂ ਕੀਤੀਆਂ।ਮੁਦਾ ਇਹ ਕਿ ਗੁਰੂ ਘਰ ਦੀ ਵਿਰੋਧਤਾ ਕਰਨ ਲਈ ਇਹਨਾਂ ਪਾਸ ਜਿਤਨੀ ਵੁਕਤ ਸੀ, ਉਤਨੀ ਹੀ ਇਹਨਾਂ ਨੇ ਵਰਤੀ।

## (5) ਚੰਦੂ ਸ਼ਾਹ

ਇਸ ਵਿਚ ਕੋਈ ਸ਼ੱਕ ਨਹੀਂ ਕਿ ਚੰਦੂ ਸ਼ਾਹ ਦਾ ਨਾਮ "ਤੁਜ਼ਕਿ-ਜਹਾਂਗੀਰੀ" ਜਾਂ ਹੋਰ ਕਿਸੇ ਸਮਕਾਲੀ ਲਿਖਤ ਵਿਚ ਨਹੀਂ ਆਇਆ।ਕਨਿੰਘਮ ਦੀ "ਹਿਸਟਰੀ ਆਫ ਸਿੱਖਸ", ਮੈਕਾਲਿਫ਼ ਦੇ "ਸਿੱਖ ਰਿਲੀਜਨ" ਜਾਂ ਫਾਰੈਸਟਰ ਦੇ "ਟਰੈਵਲਜ਼" ਦੇ ਆਧਾਰ ਤੇ ਚੰਦੂ ਸ਼ਾਹ ਨੂੰ ਜਹਾਂਗੀਰ ਦਾ ਖਜ਼ਾਨਾ ਮੰਤਰੀ ਅਥਵਾ ਦੀਵਾਨ ਪ੍ਰਸਿੱਧ ਕਰਨਾ ਕੋਈ ਬਹੁਤਾ ਵਜ਼ਨ ਨਹੀਂ ਰੱਖਦਾ।ਇਹਨਾਂ ਲਿਖਾਰੀਆਂ ਨੇ ਵੀ ਸੁਣੀ ਸੁਣਾਈ ਗੱਲ ਹੀ ਇਸ ਮਾਮਲੇ ਵਿਚ ਲਿਖ ਦਿਤੀ ਹੈ।ਸਾਡੇ ਆਪਣੇ ਇਤਿਹਾਸਕਾਰਾਂ ਨੇ, ਜੋ ਕਵਿਤਾ ਵਿਚ ਇਤਿਹਾਸ ਲਿਖੀ ਗਏ, ਭੀ ਇਸ ਮਾਮਲੇ ਵਿਚ ਸੁਣੀ ਸੁਣਾਈ ਗੱਲ ਹੀ ਬਿਆਨ ਕੀਤੀ ਹੈ।ਗੈਰ-ਹਿੰਦੋਸਤਾਨੀ ਲਿਖਾਰੀਆਂ ਨੇ ਆਪਣਾ ਬਹੁਤਾ ਮਸਾਲਾ ਇਹਨਾਂ ਲਿਖਤਾਂ ਤੋਂ ਅਤੇ ਸੁਣੀਆਂ ਸੁਣਾਈਆਂ ਉਹਨਾਂ ਮੂੰਹ-ਚੜ੍ਹੀਆਂ ਕਹਾਣੀਆਂ ਤੋਂ ਲਿਆ ਹੈ, ਜੋ ਕੁਝ ਤਾਂ ਗ਼ਲਤ-ਫ਼ਹਿਮੀਆਂ ਕਾਰਨ, ਕੁਝ ਖੋਜ ਦੀ ਘਾਟ ਕਾਰਨ ਅਤੇ ਕੁਝ ਅਨ-ਮੱਤੀਆਂ ਦੀ ਸਿੱਖੀ ਵਿਰੁਧ ਗਿਣੀ-ਮਿਥੀ ਸਾਜ਼ਿਸ਼ ਅਧੀਨ ਪ੍ਰਚਲਤ ਹੋ ਚੁਕੀਆਂ ਸਨ।

ਸਾਡਾ ਇਹ ਕਦਾਚਿਤ ਭਾਵ ਨਹੀਂ ਕਿ ਚੰਦੂ ਇਤਿਹਾਸਕ ਪਾਤਰ ਨਹੀਂ।ਉਹ ਨਿਸ਼ਚੇ ਹੀ ਇਤਿਹਾਸਕ ਵਿਅਕਤੀ ਹੈ, ਪਰ "ਮਹਿਮਾ ਪ੍ਰਕਾਸ਼" ਆਦਿਕ ਗ੍ਰੰਥਾਂ ਵਿਚ ਉਸ ਨੂੰ ਜੋ ਵੁਕਤ ਦਿਤੀ ਗਈ ਹੈ, ਉਸ ਦਾ ਅਧਿਕਾਰੀ ਉਹ ਉੱਕਾ ਹੀ ਨਹੀਂ ਸੀ।ਉਸ ਵੇਲੇ ਦੇ ਖੱਤਰੀਆਂ ਦਾ ਜੋ ਰੂਪ "ਆਸਾ ਕੀ ਵਾਰ" ਵਿਚ ਗੁਰੂ ਨਾਨਕ ਦੇਵ ਜੀ ਨੇ ਬਿਆਨ ਕੀਤਾ ਹੈ, ਚੰਦੂ ਸ਼ਾਹ ਜਾਣੋ ਉਸ ਦਾ ਪੂਰਾ ਮੁਜੱਸਮ ਸੀ।ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਇਸ ਨੂੰ ਗੁਰਦਾਸਪੁਰ ਦੇ ਪਿੰਡ ਰੁਹੇਲੇ ਦਾ ਖੱਤਰੀ ਦੱਸਿਆ ਹੈ, ਜੋ ਸਰਕਾਰੀ ਮੁਲਾਜ਼ਮਤ ਵਿਚ ਲਾਹੌਰ ਪੁੱਜ ਗਿਆ ਸੀ।ਤਤਕਾਲੀ ਖੱਤਰੀਆਂ



Sri Satguru Jagjit Singh Ji eLibrary NamdhariElibrary@gmail.com

ਵਿਚੋਂ ਬਹੁਤੇ ਧਰਮ ਛੱਡ ਚੁਕੇ ਸਨ ਤੇ ਮੁਸਲਮਾਨਾਂ ਦੀ ਲੰਬੀ ਗੁਲਾਮੀ ਕਾਰਨ ਉਹ ਆਪਣੇ ਰੀਤ-ਰਿਵਾਜ਼, ਸਭਿਆਚਾਰ, ਧਰਮ ਅਤੇ ਬੋਲੀ ਛੱਡੀ ਬੈਠੇ ਸਨ।ਉਹਨਾਂ ਦੇ ਕਿਰਦਾਰ ਉਤੇ ਹਾਕਮਾਂ ਦੀ ਝੋਲੀ-ਚੁਕੀ ਕਰਨ ਦੀ ਡੂੰਘੀ ਛਾਪ ਮੁਹਰ ਸੀ।

ਚੰਦੂ ਸ਼ਾਹ ਨੇ ਆਪਣੀ ਧੀ ਸਦਾ ਕੌਰ ਲਈ ਰਿਸ਼ਤਾ ਟੋਲਣ ਲਈ ਬ੍ਰਾਹਮਣ ਭੇਜੇ।ਉਹ ਬ੍ਰਾਹਮਣ ਅੰਮ੍ਰਿਤਸਰ ਸਾਹਿਬ ਪੁੱਜੇ ਅਤੇ ਚੰਦੂ ਸ਼ਾਹ ਦੀ ਧੀ ਲਈ ਗੁਰੂ ਅਰਜਨ ਦੇਵ ਜੀ ਦੇ ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਪਸੰਦ ਕਰ ਕੇ ਚਲੇ ਗਏ ਅਤੇ ਚੰਦੂ ਸ਼ਾਹ ਨੂੰ ਇਹ ਸਮਾਚਾਰ ਦਿਤਾ।ਚੰਦੂ ਸ਼ਾਹ ਨੂੰ ਜਦ ਇਸ ਰਿਸ਼ਤੇ ਦੀ ਚੋਣ ਬਾਰੇ ਦੱਸਿਆ ਗਿਆ ਤਾਂ ਉਸ ਨੇ ਹੰਕਾਰ ਵਿਚ ਆਪਣੇ ਆਪ ਨੂੰ ਬਹੁਤ ਉੱਚਾ ਅਤੇ ਚੁਬਾਰੇ ਵਰਗਾ ਤੇ ਗੁਰੂ ਸਾਹਿਬ ਦੇ ਘਰ ਨੂੰ ਬਹੁਤ ਨੀਵਾਂ ਅਤੇ ਮੋਰੀ ਦੀ ਇੱਟ ਵਰਗਾ ਦੱਸਿਆ।ਅੰਦਰੋਂ ਉਹ ਇਸ ਰਿਸ਼ਤੇ ਲਈ ਪੂਰੀ ਤਰ੍ਹਾਂ ਰਜ਼ਾਮੰਦ ਸੀ।ਉਤੋਂ ਉਤੋਂ ਫੋਕੀ ਫੂੰ-ਫਾਂ ਦੇ ਵੱਸ ਹੀ ਉਹ ਦੁਰਬਚਨ ਬੋਲ ਗਿਆ।ਅਚਾਨਕ ਸੰਗਤ, ਜਿਸ ਨੂੰ ਚੰਦੂ ਸ਼ਾਹ ਦੀ ਇਸ ਹੰਕਾਰੀ ਅਤੇ ਨੀਚ ਬਿਰਤੀ ਕਾਰਨ ਇਹ ਰਿਸ਼ਤਾ ਮਨਜ਼ੂਰ ਨਹੀਂ ਸੀ, ਨੇ ਇਸ ਮੁਆਮਲੇ ਵਿਚ ਆਪਣੀ ਰਾਏ ਅਤੇ ਬੇਨਤੀ ਗੁਰੂ ਅਰਜਨ ਦੇਵ ਜੀ ਨੂੰ ਘੱਲ ਦਿਤੀ।ਗੁਰੂ ਸਾਹਿਬ ਸਦਾ ਹੀ ਆਪਣੀਆਂ ਸਿੱਖ ਸੰਗਤਾਂ ਦੀ ਰਾਏ ਦੀ ਇੱਜ਼ਤ ਕਰਦੇ ਸਨ।ਵੈਸੇ ਵੀ ਇਸ ਹੰਕਾਰੀ ਤੇ ਜ਼ਲੀਲ ਖੱਤਰੀ ਦੇ ਘਰ ਨਾਲ ਰਿਸ਼ਤਾ ਗੰਢਣਾ ਗੁਰੂ ਆਸ਼ੇ ਦੇ ਅਨੁਕੂਲ ਨਹੀਂ ਸੀ।

ਗੁਰੂ ਸਾਹਿਬ ਨੇ ਰਿਸ਼ਤਾ ਬੇਖੌਫ਼ ਹੋ ਕੇ ਨਾ-ਮਨਜ਼ੂਰ ਕਰ ਦਿਤਾ।ਚੰਦੂ ਸ਼ਾਹ ਗੁਰੂ ਘਰ ਦਾ ਦੁਸ਼ਮਣ ਬਣ ਗਿਆ।ਉਸ ਦੇ ਮਨ ਵਿਚ ਗੁਰੂ ਘਰ ਲਈ, ਕੀਨੇ, ਸਾੜੇ ਤੇ ਈਰਖਾ ਦੇ ਭਾਂਬੜ ਬਲਣ ਲੱਗ ਪਏ।ਜਿਵੇਂ ਕਿ ਉਪਰ ਦੱਸਿਆ ਜਾ ਚੁਕਾ ਹੈ, ਚੰਦੂ ਸ਼ਾਹ ਸਮੇਂ ਦੀ ਕੋਈ ਪ੍ਰਮੁੱਖ ਹਸਤੀ ਨਹੀਂ ਸੀ, ਨਾ ਹੀ ਉਹ ਉਸ ਸਮੇਂ ਦੀ ਹਿੰਦੋਸਤਾਨੀ ਸਿਆਸੀ ਸਟੇਜ ਉਤੇ ਕੋਈ ਵੁਕਤ ਵਾਲੀ ਥਾਂ ਰਖਦਾ ਸੀ।ਉਹ ਵਿਰੋਧਤਾ ਵਿਚ ਉਹੋ ਰੋਲ ਅਦਾ ਕਰ ਸਕਦਾ ਸੀ, ਜੋ ਆਮ ਤੌਰ ਪਰ ਝੋਲੀ ਚੁੱਕ, ਗ਼ਦਾਰ ਤੇ ਨੀਚ ਆਦਮੀ ਕਰ ਸਕਦਾ ਹੈ।ਇਹ ਗੱਲ ਦੱਸਣ ਦੀ ਲੋੜ ਨਹੀਂ ਭਾਸਦੀ ਕਿ ਕਈ ਵੇਰ ਹਾਕਮ ਸ਼ਰੇਣੀ ਨਾਲ ਮੂੰਹ ਲੱਗਾ ਹੋਣ ਕਾਰਨ ਇਕ ਅੱਤ ਛੋਟੇ ਦਰਜੇ ਦਾ ਸਰਕਾਰੀ ਮੁਲਾਜ਼ਮ ਭੀ ਕਿਸੇ ਕੰਮ ਦੇ ਪੂਰੇ ਹੋਣ ਵਿਚ ਭਾਰੀ ਵਿਘਨ ਖੜ੍ਹਾ ਕਰ ਸਕਦਾ ਹੈ ਅਤੇ ਅੱਜ ਕੱਲ੍ਹ ਤਾਂ ਇਹ ਚੀਜ਼ ਬਹੁਤ ਆਮ ਹੈ।ਸਰਕਾਰੀ ਦਫ਼ਤਰਾਂ ਵਿਚ ਕਈ ਵਾਰੀ ਬੜੇ ਸਾਧਾਰਨ ਜਿਹੇ ਬਾਊ (ਕਲਰਕ) ਅਤੇ ਕਈ ਵਾਰੀ ਚਪਰਾਸੀ ਪਦ ਦੇ ਸਵਾਮੀ ਵੀ ਬੜੇ ਵਿਘਨਕਾਰੀ ਹੋ ਕੇ ਟਕਰਦੇ ਹਨ ਅਤੇ ਉਹਨਾਂ ਦੇ ਪਾਏ ਵਿਘਨ ਕਈ ਵਾਰੀ ਬੜੇ ਵੱਡੇ ਵੱਡੇ ਅਫ਼ਸਰ ਵੀ ਦੂਰ ਕਰਨੋਂ ਜਾਂ ਕਰਵਾਣੋਂ ਅਸਮਰਥ ਹੋ ਜਾਂਦੇ ਹਨ।ਇਸ ਤਰ੍ਹਾਂ ਇਹ ਕਰਮਚਾਰੀ ਰਿਸ਼ਵਤ ਵੀ ਕਮਾ ਲੈਂਦੇ ਹਨ ਅਤੇ ਆਪਣੀ



Sri Satguru Jagjit Singh Ji eLibrary NamdhariElibrary@gmail.com

ਹਉਮੈਂ ਨੂੰ ਭੀ ਪੱਠੇ ਪਾਉਣ ਵਿਚ ਕਾਮਯਾਬ ਹੁੰਦੇ ਹਨ।

ਜਿਸ ਸਮੇਂ ਦਾ ਅਸੀਂ ਜ਼ਿਕਰ ਰਹੇ ਹਾਂ, ਉਸ ਵਿਚ ਚੰਦੂ ਸ਼ਾਹ ਸਰਕਾਰੀ ਮੁਲਾਜ਼ਮਾਂ ਦੇ ਮਨਾਂ ਵਿਚ ਗੁਰੂ ਘਰ ਵਿਰੁੱਧ ਦੁਸ਼ਮਣੀ, ਈਰਖਾ ਤੇ ਨਫ਼ਰਤ ਹੀ ਭਰ ਸਕਦਾ ਸੀ ਅਤੇ ਇਹ ਕੰਮ ਉਸ ਨੇ ਬਿਨਾਂ ਝਿਜਕ ਕੀਤਾ।ਰਾਜ-ਦਰਬਾਰੀਆਂ ਤੇ ਅਮੀਰਾਂ ਵਜ਼ੀਰਾਂ ਤਕ ਗੁਰੂ ਜੀ ਵਿਰੁੱਧ ਚੁਗਲੀਆਂ ਲਗਾ ਸਕਦਾ ਸੀ ਜਾਂ ਝਗੜਾ ਪੈਦਾ ਕਰਵਾਉਣ ਲਈ ਮਨਘੜਤ ਕਹਾਣੀਆਂ ਪੇਸ਼ ਕਰ ਸਕਦਾ ਸੀ ਅਤੇ ਇਸ ਕੰਮ ਵਿਚ ਉਸ ਨੇ ਕੋਈ ਢਿੱਲ ਨਾ ਲਾਈ।ਗੁਰੂ ਘਰ ਦਾ ਜੋ ਵੀ ਦੁਸ਼ਮਣ ਸੀ, ਉਹ ਉਸ ਦਾ ਮਿੱਤਰ ਬਣਦਾ ਗਿਆ।ਇਕੱਲੇ ਰੂਪ ਵਿਚ ਆਪਣੇ ਮੁਖ਼ਾਲਿਫ਼ ਨਾਲ ਜੇ ਕੋਈ ਬੰਦਾ ਟੱਕਰ ਨਾ ਲੈ ਸਕੇ ਤਾਂ ਉਹ ਸਦਾ ਇਹੋ ਜਤਨ ਕਰਦਾ ਹੈ ਕਿ ਉਸਦੇ ਵੈਰੀਆਂ ਨਾਲ ਰਲ ਕੇ ਸਾਂਝਾ ਮੁਹਾਜ ਬਣਾਏ ਤੇ ਉਸ ਦਾ ਟਾਕਰਾ ਕਰ ਸਕਣ ਦੀ ਸਮਰੱਥਾ ਪੈਦਾ ਕਰੇ।

ਕਾਹਨਾ 'ਭਗਤ' ਜਿਸ ਦਾ ਜ਼ਿਕਰ ਅਸੀਂ ਪਿਛੇ ਕਰ ਚੁਕੇ ਹਾਂ, ਚੰਦੂ ਸ਼ਾਹ ਦਾ ਰਿਸ਼ਤੇਦਾਰ ਸੀ।ਉਹ ਦੁਸ਼ਟ ਭੀ ਅਕਾਰਨ ਹੀ ਗੁਰਗੱਦੀ ਨਾਲ ਉਲਝ ਪਿਆ ਸੀ।ਕਾਹਨਾ ਤੇ ਚੰਦੂ ਸ਼ਾਹ ਪਹਿਲੇ ਹੀ ਗੁਰੂ ਸਾਹਿਬ ਨਾਲ ਈਰਖਾ ਕਰ ਰਹੇ ਸਨ।ਪਰ ਕਾਹਨਾ ਜਦ ਗੁਰੂ ਸਾਹਿਬ ਨਾਲ ਗੁਰੂ ਗ੍ਰੰਥ ਸਾਹਿਬ ਵਿਚ ਆਪਣੀ ਕਵਿਤਾ ਚੜ੍ਹਵਾਉਣ ਦੇ ਮਸਲੇ ਤੇ ਖ਼ੂਬ ਖਹਿਬੜ ਕੇ ਵਾਪਸ ਪਰਤਿਆ ਸੀ ਤਾਂ ਰਾਹ ਵਿਚ ਹੀ ਉਹ ਮਰ ਗਿਆ ਸੀ।ਇਸ ਮੌਤ ਦਾ ਜ਼ਿੰਮੇਵਾਰ ਵੀ ਚੰਦੂ ਸ਼ਾਹ ਗੁਰੂ ਘਰ ਨੂੰ ਦੱਸਦਾ ਸੀ।ਉਹ ਆਪਣੇ ਮਿੱਥੇ ਸਾਂਝੇ ਦੁਸ਼ਮਣ ਗੁਰੂ ਪਾਤਸ਼ਾਹ ਦੇ ਵਿਰੁੱਧ ਵਿਤ-ਮੂਜਬ ਬਾਹਮਣਾਂ ਦੀ ਭੀ ਪਿੱਠ ਠੋਕਦਾ ਹੁੰਦਾ ਸੀ।ਗੁਰੂ ਜੀ ਦੇ ਵਿਰੁੱਧ ਜਦ ਉਹਨਾਂ ਦੇ ਵੱਡੇ ਭਰਾ ਪ੍ਰਿਥੀਚੰਦ ਨੇ ਖੁਲ੍ਹੇ ਆਮ ਵਿਰੋਧਤਾ ਸ਼ੁਰੂ ਕੀਤੀ ਤੇ ਮੁਕਾਬਲਾ ਕਰਨਾ ਚਾਹਿਆ ਤਾਂ ਚੰਦੂ ਸ਼ਾਹ ਨੇ ਆਪਣੇ ਦੁਸ਼ਮਣ ਨੂੰ ਨੀਵਾਂ ਦਿਖਾਉਣ ਲਈ ਪ੍ਰਿਥੀ ਚੰਦ ਨਾਲ ਵੀ ਮਿੱਤਰਤਾ ਗੰਢੀ ਅਤੇ ਉਸ ਨੂੰ ਗੁਰੂ ਸਾਹਿਬ ਵਿਰੁੱਧ ਬਹੁਤ ਉਕਸਾਇਆ।ਇਸ ਨਾਪਾਕ ਗਠਜੋੜ ਕਾਰਨ ਉਸਨੇ ਪ੍ਰਿਥੀ ਚੰਦ ਦੀ ਹਰ ਕਾਲੀ ਕਰਤੂਤ ਵਿਚ ਆਪਣੇ ਵਿਤ-ਮੂਜਬ ਭਰਵੀਂ ਮਦਦ ਕੀਤੀ।

ਬਾਦਸ਼ਾਹ ਵੱਲੋਂ ਗੁਰੂ ਸਾਹਿਬ ਪਾਸੋਂ ਜੁਰਮਾਨਾ ਮੰਗਣ ਅਤੇ ਨਾ ਤਾਰਨ ਦੀ ਸੂਰਤ ਵਿਚ ਸ਼ਹੀਦ ਕਰਨ ਅਤੇ ਚੰਦੂ ਸ਼ਾਹ ਬਾਰੇ ਜੇ ਦਬਿਸਤਾਨਿ-ਮਜ਼ਾਹਿਬ ਜਾਂ ਜੈਸੂਇਟਸ (Jesuits) ਦੇ ਰਿਕਾਰਡ ਫਰੋਲੇ ਜਾਣ ਤਾਂ ਭੀ ਸ਼ਾਇਦ ਭਰੋਸੇਯੋਗ ਇਤਿਹਾਸਕ ਸਚਾਈ ਹੱਥ ਨਹੀਂ ਆ ਸਕਦੀ।ਜਿਵੇਂ ਕਿ ਉਪਰ ਬਿਆਨ ਕੀਤਾ ਜਾ ਚੁਕਾ ਹੈ ਕਿ ਇਹਨਾਂ ਉਤੇ ਭੀ ਸੁਣੀਆਂ ਸੁਣਾਈਆਂ ਗੱਲਾਂ ਦੀ ਜਿਆਦਾ ਛਾਂ ਪਈ



Sri Satguru Jagjit Singh Ji eLibrary NamdhariElibrary@gmail.com

ਹੋਈ ਹੈ।ਸੁਣੀਆਂ-ਸੁਣਾਈਆਂ ਗੱਲਾਂ ਦਾ ਆਧਾਰ ਸ਼ੇਖ ਅਹਿਮਦ ਸਰਹੰਦੀ, ਸ਼ੇਖ ਫ਼ਰੀਦ ਬੁਖ਼ਾਰੀ ਤੇ ਸਿੱਖ ਸਮਾਜ ਦੇ ਵਿਰੋਧੀ ਜਨੂੰਨੀ ਮੁਸਲਮਾਨਾਂ ਦੀ ਪਹਿਲੇ ਬਿਆਨ ਕੀਤੀ ਜਾ ਚੁਕੀ ਸਾਜ਼ਿਸ਼ ਦਾ ਹੀ ਸਿੱਟਾ ਹਨ।

"ਜਹਾਂਗੀਰ ਐਂਡ ਦੀ ਜੈਸੂਇਟਸ" ਦਾ ਇਹ ਜ਼ਿਕਰ ਕੇਵਲ ਇਤਿਹਾਸ ਵਿਰੁੱਧ ਸਾਜ਼ਿਸ਼ ਅਧੀਨ ਫੈਲਾਈ ਗੱਲ ਹੀ ਹੈ ਕਿ ਸ਼ਹਿਰ ਦੇ ਕਈ ਅਮੀਰ ਧਨੀ ਹਿੰਦੂ ਗੁਰੂ ਅਰਜਨ ਦੇਵ ਜੀ ਨੂੰ ਬਾਦਸ਼ਾਹ ਪਾਸੋਂ ਛੁਡਾਉਣ ਲਈ ਫਰਿਆਦੀ ਹੋਏ ਅਤੇ ਅਖ਼ੀਰ ਲਗਪਗ ਦੋ ਲੱਖ ਰੁਪਏ ਦੇ ਕੇ ਗੁਰੂ ਸਾਹਿਬ ਨੂੰ ਛੁਟਕਾਰਾ ਹਾਸਲ ਕਰਨ ਦੀ ਪੇਸ਼ਕਸ਼ ਕੀਤੀ ਗਈ, ਜਿਸ ਨਾਲ ਇਕ ਅਮੀਰ ਹਿੰਦੂ ਜ਼ਮਾਨਤੀ ਦੇ ਤੌਰ ਤੇ ਪੇਸ਼ ਹੋਇਆ।(ਇਥੇ ਅਮੀਰ ਹਿੰਦੂ ਸ਼ਾਇਦ ਚੰਦੂ ਨੂੰ ਪ੍ਰਗਟ ਕੀਤਾ ਗਿਆ ਹੈ) ਪਰ ਚੂੰਕਿ ਗੁਰੂ ਸਾਹਿਬ ਅਤੇ ਉਹਨਾਂ ਦੇ ਹਿਮਾਇਤੀ ਦੋ ਲੱਖ ਦੀ ਰਕਮ ਦੇਣੋਂ ਅਸਮਰਥ ਸਨ, ਗੁਰੂ ਸਾਹਿਬ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ ਗਿਆ।ਦਬਸਤਾਨਿ-ਮਜ਼ਾਹਿਬ ਦਾ ਇਹ ਜ਼ਿਕਰ ਵੀ ਫੈਲ ਗਈ ਜਾਂ ਫੈਲਾਈ ਗਈ ਗੱਲ ਉਤੇ ਆਧਾਰਤ ਹੈ ਕਿ ਗੁਰੂ ਪਾਤਸ਼ਾਹ ਨੂੰ ਖੁਸਰੋ ਦੇ ਹੱਕ ਵਿਚ ਦੁਆ ਕਰਨ ਦੇ ਦੋਸ਼ ਵਿਚ ਜਦ ਕੈਦ ਕਰ ਕੇ ਲਾਹੌਰ ਲਿਆਂਦਾ ਗਿਆ ਤਾਂ ਇਸ ਦੋਸ਼ ਬਦਲੇ ਇਕ ਬਹੁਤ ਵੱਡੀ ਰਕਮ ਜ਼ੁਰਮਾਨੇ ਦੇ ਤੌਰ ਤੇ ਭਰਨ ਲਈ ਕਿਹਾ ਗਿਆ।ਜੁਰਮਾਨਾ ਨਾ ਤਾਰਨ ਦੀ ਸੂਰਤ ਵਿਚ ਸਖ਼ਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।ਜਹਾਂਗੀਰ ਦੀ ਆਪਣੀ ਲਿਖੀ "ਤੁਜ਼ਕਿ-ਜਹਾਂਗੀਰੀ" ਦੀ ਸਪੱਸ਼ਟ ਲਿਖਤ ਵਾਚਣ ਪਿਛੋਂ ਕਿ ਉਸਨੇ ਖ਼ੁਦ ਯਾਸਾ ਅਤੇ ਸਿਆਸਤ ਦੇ ਮਹਾਂ ਭਿਆਨਕ ਤਸੀਹੇ ਦੇ ਕੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਜਾਰੀ ਕੀਤਾ, ਜੁਰਮਾਨੇ ਵਾਲੀ ਕਹਾਣੀ ਉਕੀ ਨਿਰਮੂਲ ਸਿੱਧ ਹੋ ਜਾਂਦੀ ਹੈ ਅਤੇ ਜਹਾਂਗੀਰ ਦੇ "ਤੁਜ਼ਕਿ ਜਹਾਂਗੀਰੀ" ਵਿਚ ਅੰਕਤ ਗੁਰੂ ਪਾਤਸ਼ਾਹ ਬਾਰੇ ਵਿਚਾਰਾਂ ਦੀ ਰੋਸ਼ਨੀ ਵਿਚ ਗੁਰੂ ਸਾਹਿਬ ਤੋਂ ਜੁਰਮਾਨਾ ਲੈ ਕੇ ਆਜ਼ਾਦ ਕਰ ਦੇਣਾ ਜਾਂ ਕਿਸੇ ਗ਼ੈਰ-ਮੁਸਲਿਮ ਚੰਦੂ ਦੇ ਹਵਾਲੇ ਕਰ ਦੇਣਾ (ਜੋ ਉਸ ਨੂੰ ਛੱਡ ਭੀ ਸਕਦਾ ਹੋਵੇ) ਬਿਲਕੁਲ ਬੇ-ਬੁਨਿਆਦ ਗੱਲ ਸਾਬਤ ਹੁੰਦੀ ਹੈ।ਜਹਾਂਗੀਰ ਦੀ ਲਿਖਤ ਵਿਚ ਜੁਰਮਾਨੇ ਦਾ ਕੋਈ ਜ਼ਿਕਰ ਨਹੀਂ।

ਪ੍ਰਸਿਧ ਇਤਿਹਾਸ-ਵਿਦਵਾਨ ਸ: ਗੰਡਾ ਸਿੰਘ ਜੀ ਨੇ ਜੁਰਮਾਨੇ ਵਾਲੀ ਨਿਰਮੂਲ ਕਹਾਣੀ ਫੈਲ ਜਾਣ ਬਾਰੇ 'ਤੁਜ਼ਕਿ-ਜਹਾਂਗੀਰੀ' ਦੀ ਲਿਖਤ ਵਿਚੋਂ ਹੀ ਜੜ੍ਹ ਲੱਭ ਲਈ ਹੈ।ਗੁਰੂ ਪਾਤਸ਼ਾਹ ਦੀ ਸ਼ਹਾਦਤ ਬਾਰੇ ਸ਼ਾਹੀ ਹੁਕਮ ਦੇ ਜ਼ਿਕਰ ਪਿਛੋਂ ਤੁਜ਼ਕ ਵਿਚ ਦੋ ਦੂਜੇ ਬੰਦੇ ਰਾਜੂ ਤੇ ਅੰਬਾ (ਜੋ ਖਵਾਜ-ਸ਼ੇਰਾ ਦੌਲਤ ਖ਼ਾਨ ਦੀ ਛਤਰ ਛਾਂ ਹੇਠ ਸਨ) ਦਾ ਜ਼ਿਕਰ ਆਉਂਦਾ ਹੈ।ਖੁਸਰੋ ਦੀ ਬਗ਼ਾਵਤ ਦੇ ਸਮਾਚਾਰ ਤੋਂ ਲਾਭ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਉਠਾ ਕੇ ਰਾਜੂ ਤੇ ਅੰਬਾ ਜੋ ਸਿਰਕੱਢ ਸਰਦਾਰ ਸਨ, ਨੇ ਲਾਹੌਰ ਤੇ ਆਸ ਪਾਸ ਦੇ ਇਲਾਕੇ ਵਿਚ ਬਹੁਤ ਲੁੱਟ ਮਾਰ ਕੀਤੀ ਸੀ।ਜਹਾਂਗੀਰ ਨੇ ਰਾਜੂ ਨੂੰ ਫਾਹੇ ਲਗਵਾਣ ਦੀ ਸਜ਼ਾ ਦਿਤੀ ਤੇ ਅੰਬਾ, ਜੋ ਧਨੀ ਆਦਮੀ ਸੀ, ਨੂੰ ਇਕ ਲੱਖ ਪੰਦਰਾਂ ਹਜ਼ਾਰ ਰੁਪਿਆ ਜੁਰਮਾਨਾ ਕੀਤਾ।ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਅਤੇ ਰਾਜੂ ਤੇ ਅੰਬੇ ਬਾਰੇ ਫ਼ੈਸਲਾ ਨਾਲੋ ਨਾਲ ਹੀ ਹੋਇਆ ਸੀ, ਇਸ ਲਈ ਸਾਜ਼ਸ਼ੀ ਬੰਦਿਆਂ ਨੇ ਗੁਰੂ ਸਾਹਿਬ ਬਾਰੇ ਵੀ ਰਲ-ਗਡ ਮਨਘੜਤ ਵਿਚਾਰ ਫੈਲਾ ਦਿਤੇ ਸਨ ਅਤੇ ਮਗਰਲੇ ਲਿਖਾਰੀ ਕੁਝ ਸੁਣੀ ਸੁਣਾਈ ਗੱਲ ਦੇ ਆਧਾਰ ਤੇ ਕੁਝ ਤੁਜ਼ਕ ਵਿਚ ਇਹ ਦੋ ਤਿੰਨ ਸ਼ਾਹੀ ਹੁਕਮ ਇਕੱਠੇ ਹੀ ਆ ਜਾਣ ਕਰਕੇ ਟਪਲਾ ਖਾ ਗਏ।ਇਹ ਟਪਲਾ ਸਤਾਰ੍ਹਵੀਂ ਸਦੀ ਦੇ 'ਦਬਿਸਤਾਨਿ ਮਜ਼ਾਹਿਬ' ਨੂੰ ਕੀ ਅਤੇ ਅਠਾਰ੍ਹਵੀਂ ਸਦੀ ਦੇ "ਮਹਿਮਾ ਪ੍ਰਕਾਸ਼" ਨੂੰ ਕੀ, ਸਭ ਨੂੰ ਹੀ ਥੋੜ੍ਹਾ ਬਹੁਤ ਲੱਗਾ ਰਿਹਾ।"ਮਹਿਮਾ ਪ੍ਰਕਾਸ਼" ਨੇ ਸਿਰਫ ਇਤਨੀ ਸ਼ਕਲ ਹੀ ਬਦਲੀ ਹੈ ਕਿ ਗੁਰੂ ਪਾਤਸ਼ਾਹ ਤੋਂ ਜੁਰਮਾਨਾ ਵਸੂਲ ਕਰਨ ਦੀ ਸਲਾਹ ਚੰਦੂ ਸ਼ਾਹ ਵੱਲੋਂ ਦਿਤੀ ਗਈ ਸੀ।

ਕੁਝ ਵੀ ਹੋਵੇ, ਇਸ ਵਿਚ ਸ਼ੱਕ ਨਹੀਂ ਕਿ ਚੰਦੂ ਪੱਕਾ ਦੁਸ਼ਟ ਅਰ ਗੁਰੂ ਘਰ ਦਾ ਦੋਖੀ ਅਤੇ ਜ਼ਲੀਲ ਖੱਤਰੀ ਸੀ ਅਤੇ ਉਸ ਨੇ ਵੱਸ ਲਗਦੇ ਸਭ ਯਤਨ ਅਵੱਸ਼ ਕੀਤੇ, ਜਿਹਨਾਂ ਨਾਲ ਗੁਰੂ ਪਾਤਸ਼ਾਹ ਨੂੰ ਵੱਧ ਤੋਂ ਵੱਧ ਹਾਨੀ ਹੋਵੇ, ਪਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹ ਦੁਨਿਆਵੀ ਪਖੋਂ ਕੋਈ ਇਤਨੀ ਅਹਿਮ ਸ਼ਖਸੀਅਤ ਨਹੀਂ, ਜੈਸੀ ਕਿ ਕਈ ਲਿਖਾਰੀਆਂ ਨੇ ਜਾਣ ਬੁਝ ਕੇ ਜਾਂ ਅਨਜਾਣੇ ਵਿਚ ਸੁਣੀਆਂ-ਸੁਣਾਈਆਂ ਗੱਲਾਂ ਦੇ ਆਧਾਰ ਤੇ ਘੜ ਮਾਰੀ ਹੈ।ਚੰਦੂ ਦੀ ਲੜਕੀ ਦਾ ਰਿਸ਼ਤਾ ਨਾ-ਮਨਜ਼ੂਰ ਕਰਨਾ ਉਸ ਦੇ ਗੁਰੂ ਪਾਤਸ਼ਾਹ ਨਾਲ ਤੇ ਗੁਰਗੱਦੀ ਨਾਲ ਜ਼ਾਤੀ ਵੈਰ ਦਾ ਮੂਲ ਹੋ ਸਕਦਾ ਹੈ, ਪਰ ਗੁਰੂ ਪਾਤਸ਼ਾਹ ਦੀ ਸ਼ਹਾਦਤ ਦਾ ਮੂਲ ਕਾਰਨ ਨਹੀਂ।ਸ਼ੇਖ ਅਹਿਮਦ ਸਰਹੰਦੀ, ਸ਼ੇਖ ਫ਼ਰੀਦ ਬੁਖ਼ਾਰੀ ਅਤੇ ਜਹਾਂਗੀਰ ਦੀ ਪੂਰੀ ਜਾਣਕਾਰੀ ਹਾਸਲ ਕਰਨ ਉਪਰੰਤ ਸਪੱਸ਼ਟ ਹੋ ਜਾਂਦਾ ਹੈ ਕਿ ਬਾਦਸ਼ਾਹ ਨੇ ਕਿਸੇ ਹਾਲਤ ਵਿਚ ਜਮਾਨਤ ਲੈ ਕੇ ਜਾਂ ਜੁਰਮਾਨਾ ਵਸੂਲ ਕੇ ਗੁਰੂ ਪਾਤਸ਼ਾਹ ਨੂੰ ਚੰਦੂ ਹਵਾਲੇ ਨਹੀਂ ਸੀ ਕਰਨਾ ਤੇ ਨਾ ਹੀ ਭਿਆਨਕ ਕਸ਼ਟ ਦੇਣ ਮਗਰੋਂ ਦੇਗ ਦੇ ਉਬਾਲ ਤੇ ਬਲਦੀ ਸੜਦੀ ਰੇਤ ਦੇ ਖ਼ੌਫ਼ਨਾਕ ਸਾੜਾਂ ਪਿਛੋਂ ਨਿਢਾਲ ਹੋਏ ਗੁਰੂ ਪਾਤਸ਼ਾਹ ਦੇ ਸਰੀਰ ਤੋਂ ਐਸੇ ਬੇਮੌਕੇ ਹੁਣ ਰਿਸ਼ਤਾ ਮੰਨ ਕੇ ਆਪਣੀ ਜਾਨ ਬਚਾ ਲੈਣ ਦੀ ਚੰਦੂ ਵੱਲੋਂ ਹੋਈ ਪੇਸ਼ਕਸ਼ ਨੂੰ ਕੋਈ ਇਤਿਹਾਸਕ ਹਕੀਕਤ ਮੰਨਿਆ ਜਾ ਸਕਦਾ ਹੈ।ਇਹਨਾਂ ਵਿਚੋਂ ਬਹੁਤੀਆਂ ਗੱਲਾਂ ਨਕਸ਼ਬੰਦੀਆਂ ਦੀਆਂ ਸਾਜ਼ਿਸ਼ਾਂ ਅਧੀਨ ਹੀ ਫੈਲੀਆਂ ਹਨ ਅਤੇ ਮਗਰੋਂ ਦੇ ਲਿਖਾਰੀ ਮੱਖੀ ਉਤੇ ਮੱਖੀ ਮਾਰੀ ਗਏ ਹਨ।ਉਂਝ ਚੰਦੂ ਸ਼ਾਹ ਵੱਲੋਂ ਉਸਦੇ ਵਿਤ-ਅਨੁਸਾਰ ਭਰਵੀਂ ਵਿਰੋਧਤਾ ਸਦਾ ਹੀ ਗੁਰੂ ਘਰ ਵਿਰੁੱਧ ਹੁੰਦੀ ਰਹੀ।



Sri Satguru Jagjit Singh Ji eLibrary NamdhariElibrary@gmail.com

## (6) ਪ੍ਰਿਥੀ ਚੰਦ

ਬਾਬਾ ਪ੍ਰਿਥੀ ਚੰਦ ਅਤੇ ਬਾਬਾ ਮਹਾਂਦੇਵ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਾਈ ਸਨ।ਗੁਰੂ ਰਾਮਦਾਸ ਜੀ ਦੇ ਸਮੇਂ ਗੁਰਗੱਦੀ ਦਾ ਬਹੁਤ ਸਾਰਾ ਬਹਿਰਮੁਖੀ ਕੰਮਾਂ ਜਾਂ ਪ੍ਰਬੰਧਕੀ ਕੰਮਾਂ ਦਾ ਇੰਚਾਰਜ ਪ੍ਰਿਥੀ ਚੰਦ ਹੀ ਸੀ।ਜ਼ਾਹਿਰਾ ਤੌਰ ਤੇ ਇਹ ਬੜਾ ਚਾਲਾਕ ਅਤੇ ਸਿਆਣਾ ਸੀ।ਗੁਰ-ਗੱਦੀ ਦੇ ਪ੍ਰਬੰਧਕੀ ਕੰਮ ਨੂੰ ਸੰਭਾਲਦਿਆਂ-ਸੰਭਾਲਦਿਆਂ ਇਸ ਦੇ ਮਨ ਵਿਚ ਹੰਕਾਰ ਨੇ ਕਾਫ਼ੀ ਵਾਧਾ ਕਰ ਲਿਆ ਸੀ।ਬਿਨਾ ਗੁਣਾਂ ਦੇ ਹੀ ਇਹ ਆਪਣੇ ਆਪ ਹੀ ਗੁਰਗੱਦੀ ਦਾ ਅਗਲਾ ਵਾਰਸ ਸਮਝਣ ਲੱਗ ਪਿਆ ਸੀ।ਕਈ ਵਾਰੀ ਇਹ ਗੁਰੂ ਪਿਤਾ ਤੋਂ ਵੀ ਆਪਣੇ ਆਪ ਨੂੰ ਜ਼ਿਆਦਾ ਸਿਆਣਾ ਸਮਝਣ ਲੱਗ ਪੈਂਦਾ ਸੀ।ਦਿਲ ਦਾ ਈਰਖਾਲੂ ਤੇ ਜ਼ਬਾਨ ਦਾ ਵੀ ਖਰ੍ਹਵਾ ਸੀ।ਗੁਰੂ ਰਾਮਦਾਸ ਜੀ ਨੇ ਪ੍ਰਿਥੀਚੰਦ ਨੂੰ ਗੁਰਗੱਦੀ ਲਈ ਪੂਰੀ ਤਰ੍ਹਾਂ ਨਾ-ਕਾਬਲ ਮਹਿਸੂਸ ਕਰ ਲਿਆ ਸੀ।ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਦੇ ਪੂਰੀ ਤਰ੍ਹਾਂ ਯੋਗ ਜਾਣ ਕੇ ਅਗਸਤ ਸੰਨ 1581 ਵਿਚ ਸੰਗਤ ਦੀ ਮੌਜੂਦਗੀ ਵਿਚ ਗੁਰਗੱਦੀ ਦੀ ਜ਼ਿੰਮੇਵਾਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿਤੀ।ਪ੍ਰਿਥੀ ਚੰਦ ਇਹ ਸਹਾਰ ਨਾ ਸਕਿਆ ਉਸ ਨੇ ਉਸੇ ਸਮੇਂ ਤੋਂ ਹੀ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਵਿਰੋਧਤਾ ਆਰੰਭ ਕਰ ਦਿਤੀ।

ਥੋੜ੍ਹੇ ਦਿਨਾਂ ਪਿਛੋਂ ਜਦ ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾ ਗਏ ਤਾਂ ਉਸ ਪਿਛੋਂ ਵੀ ਉਸ ਨੇ ਗੁਰੂ ਅਰਜਨ ਦੇਵ ਜੀ ਦਾ ਬਹੁਤ ਵਿਰੋਧ ਕੀਤਾ।ਬ੍ਰਾਹਮਣਾਂ, ਖੱਤਰੀਆਂ ਅਤੇ ਜ਼ਾਤ ਅਭਿਮਾਨੀਆਂ ਦੀ ਚੁੱਕ ਵਿਚ ਆ ਕੇ ਗੁਰੂ ਪਿਤਾ ਦੇ ਜੋਤੀ ਜੋਤ ਸਮਾਉਣ ਮਗਰੋਂ ਦਸਤਾਰ-ਬੰਦੀ ਦੀ ਰਸਮ ਲਈ ਉਸ ਨੇ ਬੜਾ ਕਲੇਸ਼ ਖੜ੍ਹਾ ਕੀਤਾ।ਗੁਰੂ ਅਰਜਨ ਦੇਵ ਜੀ ਨੇ ਘਰੋਗੀ ਝਗੜੇ ਨੂੰ ਠੱਲ੍ਹ ਪਾਉਣ ਦੇ ਲਈ ਬਰਾਦਰੀ ਵੱਲੋਂ ਦਸਤਾਰ ਆਪ ਲੈਣ ਦੀ ਥਾਂ ਪ੍ਰਿਥੀ ਚੰਦ ਨੂੰ ਦਵਾ ਦਿਤੀ, ਪਰ ਇਸ ਨਾਲ ਵੀ ਝਗੜਾ ਬੰਦ ਨਾ ਹੋ ਸਕਿਆ।ਬ੍ਰਾਹਮਣਾਂ ਖੱਤਰੀਆਂ ਆਦਿ ਦੀ ਚੁੱਕ ਉਤੇ ਉਹ ਆਪਣੇ ਆਪ ਨੂੰ ਗੱਦੀ ਦਾ ਸਹੀ ਹੱਕਦਾਰ ਸਮਝਦਾ ਸੀ।ਜੋ ਦਰਅਸਲ ਨਾ ਤਾਂ ਜੱਦੀ ਸੀ ਤੇ ਨਾ ਹੀ ਆਪਣੇ ਜ਼ੋਰ-ਜਬਰ ਨਾਲ ਹਾਸਲ ਕੀਤੀ ਜਾ ਸਕਦੀ ਸੀ।

ਗੁਰੂ ਅਰਜਨ ਦੇਵ ਜੀ ਦਾ ਵਿਰੋਧ ਕਰਨ ਲਈ ਉਸ ਨੇ ਯਕੇ-ਬਾਦ ਦੀਗਰੇ ਕਈ ਕਾਰਨਾਮੇ ਕੀਤੇ।ਪਹਿਲਾਂ ਮੁਕਾਬਲੇ ਤੇ ਗੱਦੀ ਲਗਾਈ ਅਤੇ ਗੁਰੂ ਘਰ ਦੀ ਆਰਥਕ ਤੌਰ ਤੇ ਨਾਕਾਬੰਦੀ ਕੀਤੀ।ਬਾਹਰੋਂ ਆਉਣ ਵਾਲੀਆਂ ਸੰਗਤਾਂ ਤੋਂ ਆਪਣੇ ਏਜੰਟਾਂ ਰਾਹੀਂ ਗੁਰ-ਗੱਦੀ ਭੇਟਾ ਜਾਂ ਦਸਵੰਧ ਆਪ ਰੱਖ ਲੈਣਾ ਤੇ ਲੰਗਰ ਛਕਣ ਲਈ ਗੁਰੂ ਅਰਜਨ ਦੇਵ ਜੀ ਵੱਲ ਭੇਜ ਦੇਣਾ ਅਤੇ ਆਪਣੇ ਏਜੰਟਾਂ ਰਾਹੀਂ ਗੁਰੂ ਅਰਜਨ



Sri Satguru Jagjit Singh Ji eLibrary NamdhariElibrary@gmail.com

ਦੇਵ ਜੀ ਦੇ ਵਿਰੁਧ ਵੱਡੀ ਪੱਧਰ ਤੇ ਪਰਚਾਰ ਕਰਨਾ ਇਸ ਦੇ ਹਥਕੰਡੇ ਸਨ।ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਆਦਿਕ ਸਿੱਖ ਮੁਖੀਆਂ ਨੇ ਮੌਕੇ ਮੁਤਾਬਕ ਬੜਾ ਸ਼ਲਾਘਾਯੋਗ ਪ੍ਰਚਾਰ ਕੀਤਾ, ਜਿਸ ਦੇ ਨਾਲ ਪ੍ਰਿਥੀ ਚੰਦ ਮੀਣੇ ਦਾ ਪਾਜ ਉਘੜ ਗਿਆ ਅਤੇ ਸੰਗਤਾਂ ਨੇ ਉਸ ਨੂੰ ਮੂੰਹ ਲਾਉਣਾ ਬੰਦ ਕਰ ਦਿਤਾ।ਇਸ ਦੇ ਮਨ ਦੀ ਈਰਖਾ ਅਤੇ ਲੋਭ ਗੁਰਗੱਦੀ ਦੀ ਸ਼ਾਨ ਤੇ ਚੜ੍ਹਦੀ ਕਲਾ ਨਹੀਂ ਸਨ ਸਹਾਰ ਸਕਦੇ, ਇਸ ਲਈ ਇਸ ਨੇ ਗੁਰੂ ਅਰਜਨ ਪਾਤਸ਼ਾਹ ਦਾ ਵਿਰੋਧ ਕਿਸੇ ਨਾ ਕਿਸੇ ਢੰਗ ਨਾਲ ਜਾਰੀ ਰੱਖਿਆ।

ਉਸ ਨੇ ਮਹੇਸ਼ ਦਾਸ ਬ੍ਰਾਹਮਣ ਅਥਵਾ ਬੀਰਬਲ ਜੋ ਕਿ ਅਕਬਰ ਦਾ ਦਰਬਾਰੀ ਸੀ, ਨਾਲ ਵੀ ਗੱਠਜੋੜ ਕੀਤਾ।ਕਈ ਦਰਬਾਰੀਆਂ ਅਤੇ ਕੱਟੜ ਮੁਸਲਮਾਨਾਂ ਦੇ ਕੰਨ ਗੁਰਗੱਦੀ ਦੇ ਖ਼ਿਲਾਫ਼ ਭਰੇ।ਇਕ ਬੜਾ ਵੱਡਾ ਸ਼ਿਕਾਇਤ ਨਾਮਾ ਤਿਆਰ ਕਰਵਾ ਕੇ ਅਕਬਰ ਬਾਦਸ਼ਾਹ ਦੇ ਪੇਸ਼ ਕੀਤਾ।ਅਕਬਰ ਬਾਦਸ਼ਾਹ ਦੀ ਪੜਤਾਲ ਨੇ ਪ੍ਰਿਥੀਚੰਦ ਨੂੰ ਬਹੁਤ ਜ਼ਲੀਲ ਕੀਤਾ ਤੇ ਪਰਗਟ ਤੌਰ ਤੇ ਝੂਠਾ ਸਾਬਤ ਕਰ ਦਿਤਾ।ਇਸ ਨੇ ਮੁਕਾਬਲੇ ਵਿਚ ਆਪਣੇ ਸੌਹਰੇ ਪਿੰਡ ਹੇਹਰ ਵਿਖੇ ਹਰਿਮੰਦਰ ਸਾਹਿਬ ਦੀ ਨਕਲ ਉਤੇ ਸਰੋਵਰ ਵਿਚ ਡੇਰਾ ਬਣਵਾਇਆ, ਜਿਸ ਦਾ ਨਾਮ ਦੂਖ-ਨਿਵਾਰਨ ਰੱਖਿਆ, ਪਰ ਇਹ ਪੱਜ ਵੀ ਕਾਮਯਾਬ ਨਾ ਹੋ ਸਕਿਆ।ਹਰ ਮਾੜੇ ਕੰਮ ਵਿਚ ਮਦਦ ਦੇਣ ਵਾਲਾ ਮਹੇਸ਼ਦਾਸ ਬ੍ਰਾਹਮਣ ਵੀ ਫਰਵਰੀ 1586 ਵਿਚ ਇਕ ਜੰਗ ਵਿਚ ਮਾਰਿਆ ਜਾ ਚੁਕਾ ਸੀ।

ਪ੍ਰਿਥੀਚੰਦ ਦੇ ਮਨ ਵਿਚ ਸ਼ਾਇਦ ਗੁਰੂ ਅਰਜਨ ਦੇਵ ਜੀ ਵਿਰੁੱਧ ਮੱਚ ਰਹੇ ਈਰਖਾ ਦੇ ਭਾਂਬੜ ਕੁਝ ਮੱਠੇ ਹੀ ਹੋ ਜਾਂਦੇ, ਕਿਉਂਕਿ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਔਲਾਦ ਨਾ ਹੋਣ ਦੇ ਕਾਰਨ ਉਸ ਦੇ ਮਨ ਵਿਚ ਇਹ ਗ਼ਲਤ ਵਿਸ਼ਵਾਸ ਉਠ ਉਠ ਪੈਂਦਾ ਸੀ ਕਿ ਗੁਰੂ ਅਰਜਨ ਦੇਵ ਜੀ ਦੇ ਪਿਛੋਂ ਸ਼ਾਇਦ ਗੁਰ-ਗੱਦੀ ਉਸਦੇ ਪੁੱਤਰ ਮਿਹਰਵਾਨ ਨੂੰ ਹੀ ਮਿਲ ਜਾਵੇ, ਪਰ ਉਸਦੇ ਮੰਦੇ ਭਾਗਾਂ ਨੂੰ ਵਡਾਲੀ ਵਿਖੇ 1595 ਵਿਚ ਗੁਰੂ ਅਰਜਨ ਦੇਵ ਜੀ ਦੇ ਘਰ ਬਾਲਕ ਹਰਿਗੋਬਿੰਦ ਨੇ ਜਨਮ ਲੈ ਲਿਆ ਜੋ ਮਗਰੋਂ ਸਿੱਖਾਂ ਦੇ ਛੇਵੇਂ ਗੁਰੂ ਬਣੇ।ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਨੇ ਪ੍ਰਿਥੀ ਚੰਦ ਦੀਆਂ ਸਭ ਆਸਾਂ ਉਤੇ ਪਾਣੀ ਫੇਰ ਦਿਤਾ ਤੇ ਉਹਦੀ ਈਰਖਾ ਹੋਰ ਚਮਕ ਉਠੀ।ਜੇ ਇਹ ਈਰਖਾ ਪ੍ਰਿਥੀ ਚੰਦ ਦੇ ਮਨ ਵਿਚ ਨਾ ਹੁੰਦੀ ਤਾਂ ਉਹ ਸਾਰੀ ਜ਼ਿੰਦਗੀ ਬੜੇ ਸੁੱਖ ਆਰਾਮ ਨਾਲ ਰਹਿ ਸਕਦਾ ਸੀ।ਪਿੰਡ ਹੇਹਰ ਵਿਖੇ ਉਹ ਬੜੀ ਵੱਡੀ ਜ਼ਮੀਨ ਅਤੇ ਜਾਇਦਾਦ ਦਾ ਮਾਲਕ ਸੀ।ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਕਿਸੇ ਸਾਜ਼ਿਸ਼ ਅਧੀਨ ਮਾਰ ਮੁਕਾਉਣ ਲਈ ਸੁਲਹੀ ਖ਼ਾਨ ਅਫ਼ਗਾਨ (ਜਿਸ ਨਾਲ ਉਸ ਦੀ ਮਿੱਤਰਤਾ ਮਹੇਸ਼ ਦਾਸ ਬ੍ਰਾਹਮਣ ਦੇ ਰਾਹੀਂ ਬਣੀ ਸੀ) ਨੂੰ ਗੁਰੂ ਚੱਕ ਦਾ ਦੌਰਾ ਕਰਵਾਉਣ ਲਈ ਰਾਜ਼ੀ ਕਰ ਲਿਆ ਸੀ।ਸੁਲਹੀ ਖ਼ਾਨ ਅਫ਼ਗਾਨ ਨਾਲ ਉਸ



Sri Satguru Jagjit Singh Ji eLibrary NamdhariElibrary@gmail.com

ਨੇ ਗੱਲ ਪੱਕੀ ਕੀਤੀ ਕਿ ਉਹ ਆਪਣੀ ਫ਼ੌਜ ਸਮੇਤ ਚੱਕ ਉਤੇ ਚੁਪ-ਚੁਪੀਤੇ ਚੜ੍ਹ ਜਾਏ ਅਤੇ ਮਾਮਲਾ ਉਗਰਾਉਣ ਦੇ ਪੱਜ ਕੋਈ ਇਲਜ਼ਾਮ ਲਗਾ ਕੇ ਗੁਰੂ ਘਰ ਨੂੰ ਤਬਾਹ ਕਰ ਦੇਵੇ।ਪ੍ਰਿਥੀ ਚੰਦ ਨੇ ਅਜਿਹੇ ਹੱਲੇ ਤੋਂ ਪਹਿਲਾਂ ਸੁਲਹੀ ਖ਼ਾਨ ਅਤੇ ਉਸ ਦੀ ਫ਼ੌਜ ਦਾ ਆਪਣੇ ਡੇਰੇ ਹੇਹਰ ਵਿਖੇ ਆਉ-ਭਗਤ ਦਾ ਪੂਰਾ ਪ੍ਰਬੰਧ ਕੀਤਾ।ਪਿੰਡੋਂ ਬਾਹਰ ਸੁਲਹੀ ਖ਼ਾਨ ਨੂੰ ਆਪਣੇ ਇੱਟਾਂ ਦੇ ਭੱਠੇ ਦਿਖਾਉਣ ਲਈ ਲੈ ਗਿਆ।ਕੁਦਰਤ ਕਰਤਾਰ ਦੀ ਕਿ ਸੁਲਹੀ ਖ਼ਾਨ ਦਾ ਘੋੜਾ ਤ੍ਰਬਕ ਕੇ ਸੁਲਹੀ ਖ਼ਾਨ ਸਮੇਤ ਬਲਦੇ ਭੱਠੇ ਵਿਚ ਜਾ ਡਿੱਗਾ ਅਤੇ ਨਤੀਜੇ ਦੇ ਤੌਰ ਤੇ ਘੋੜਾ ਅਤੇ ਸੁਲਹੀ ਖ਼ਾਨ ਥਾਂ ਤੇ ਹੀ ਖ਼ਾਕ ਹੋ ਗਏ।ਇਸ ਪਿਛੋਂ ਵੀ ਪ੍ਰਿਥੀ ਚੰਦ ਨੇ ਹੌਂਸਲਾ ਨਾ ਛੱਡਿਆ।ਪ੍ਰਿਥੀ ਚੰਦ ਅਤੇ ਚੰਦੂ ਨੇ ਮਿਲ ਕੇ ਸੁਲਹੀ ਖ਼ਾਨ ਦੇ ਭਤੀਜੇ ਸੁਲਭੀ ਖ਼ਾਨ ਨੂੰ ਗੁਰੂ ਸਾਹਿਬ ਉਤੇ ਹਮਲਾ ਕਰਨ ਲਈ ਤਿਆਰ ਕੀਤਾ।ਇਹ ਵਿਉਂਤ ਵੀ ਸਿਰੇ ਚੜ੍ਹਨ ਤੋਂ ਰਹਿ ਗਈ ਕਿਉਂਕਿ ਰਸਤੇ ਵਿਚ ਦਰਿਆ ਬਿਆਸ ਦੇ ਕਿਨਾਰੇ ਤਨਖਾਹ ਦੇ ਮਾਮਲੇ ਤੇ ਸੁਲਭੀ ਖ਼ਾਨ ਦਾ ਇਕ ਸੱਯਦ ਨਾਲ ਝਗੜਾ ਹੋ ਗਿਆ ਤੇ ਉਸ ਨੇ ਸੁਲਭੀ ਖ਼ਾਨ ਨੂੰ ਉਥੇ ਹੀ ਥਾਂ ਰੱਖਿਆ।

ਪ੍ਰਿਥੀ ਚੰਦ ਗੁਰੂ ਹਰਿਗੋਬਿੰਦ ਜੀ ਦੇ ਜਨਮ ਤੋਂ ਬਹੁਤ ਦੁਖੀ ਸੀ।ਗੁਰੂ ਹਰਿਗੋਬਿੰਦ ਸਾਹਿਬ ਨੂੰ ਬਚਪਨ ਵਿਚ ਹੀ ਆਪਣੀਆਂ ਕੁਟਲ ਚਾਲਾਂ ਨਾਲ ਮਾਰ ਮੁਕਾਉਣ ਦੇ ਜਤਨ ਉਸ ਵੱਲੋਂ ਕੀਤੇ ਗਏ।ਇਕ ਚੁੰਘਾਵੀ ਨੂੰ ਥਣਾਂ ਉਤੇ ਜ਼ਹਿਰ ਲਗਾ ਕੇ ਬਾਲਕ ਹਰਿਗੋਬਿੰਦ ਨੂੰ ਦੁੱਧ ਚੁੰਘਾਉਣ ਦੇ ਬਹਾਨੇ ਮਾਰ ਮੁਕਾਉਣ ਦੀ ਪ੍ਰੇਰਨਾ ਕੀਤੀ।ਚੁੰਘਾਵੀ ਆਪਣੇ ਥਣਾਂ ਉਤੇ ਲਗਾਏ ਤੇਜ਼ ਜ਼ਹਿਰ ਨੂੰ ਖ਼ੁਦ ਹੀ ਸਹਿਣ ਨਾ ਕਰ ਸਕੀ ਤੇ ਮਰ ਗ਼ਈ ਤੇ ਮਰਨ ਤੋਂ ਪਹਿਲਾਂ ਪ੍ਰਿਥੀ ਚੰਦ ਦੀ ਇਸ ਕਰਤੂਤ ਤੋਂ ਵੀ ਪਰਦਾ ਚੁੱਕ ਗਈ।ਫਿਰ ਇਕ ਸਪੇਰੇ ਤੋਂ ਘਰ ਵਿਚ ਸੱਪ ਸੁਟਵਾਇਆ ਜੋ ਬਾਲਕ ਹਰਿਗੋਬਿੰਦ ਤੇ ਆਪਣਾ ਡੰਗ ਚਲਾ ਕੇ ਉਹਨਾਂ ਨੂੰ ਖ਼ਤਮ ਕਰੇ।ਇਸ ਕਾਲੀ ਕਰਤੂਤ ਬਾਰੇ ਐਨ ਮੌਕੇ ਤੇ ਰੌਲਾ ਪੈ ਜਾਣ ਕਾਰਨ ਸਪੇਰੇ ਨੂੰ ਸਾਰੀ ਅਸਲੀਅਤ ਖੋਲ੍ਹਣੀ ਪਈ।ਫਿਰ ਬਾਲਕ ਹਰਿਗੋਬਿੰਦ ਦੇ ਇਕ ਖਿਡਾਵੇ ਬ੍ਰਾਹਮਣ ਨੂੰ ਪ੍ਰੇਰਨਾ ਦੇ ਕੇ ਦਹੀਂ ਵਿਚ ਜ਼ਹਿਰ ਮਿਲਾ ਕੇ ਬਾਲ ਗੁਰੂ ਨੂੰ ਖਿਲਾਉਣ ਭੇਜਿਆ, ਜੋ ਬਾਲ ਗੁਰੂ ਨੇ ਖਾਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਦੇ ਨਾਲ ਚੀਕ-ਚਿਹਾੜਾ ਪਾ ਦਿਤਾ।ਗੁਰੂ ਅਰਜਨ ਦੇਵ ਜੀ ਮੌਕੇ ਤੇ ਹੀ ਪੁੱਜ ਗਏ।ਸਾਰਾ ਭੇਤ ਖੁੱਲ੍ਹ ਗਿਆ।ਨਮੋਸ਼ੀ ਦੇ ਮਾਰੇ ਬ੍ਰਾਹਮਣ ਨੂੰ ਢਿੱਡ ਵਿਚ ਸੂਲ ਉਠਿਆ ਤੇ ਉਹ ਉਥੇ ਹੀ ਸਿਸਕ ਸਿਸਕ ਕੇ ਮਰ ਗਿਆ।ਮਰਦਿਆਂ ਮਰਦਿਆਂ ਉਹ ਵੀ ਸਾਰੀ ਗੱਲ ਖੋਲ੍ਹ ਗਿਆ।

ਇਸ ਭਾਂਤ ਦੀਆਂ ਕਾਲੀਆਂ ਕਰਤੂਤਾਂ ਕਰਦਿਆਂ ਹੋਇਆਂ ਪ੍ਰਿਥੀ ਚੰਦ ਦਾ ਆਪਣਾ ਦੇਹਾਂਤ ਸੰਨ 1605 ਦੇ ਅੰਤ ਵਿਚ ਹੋ ਗਿਆ।ਪਾਤਸ਼ਾਹ ਗੁਰੂ ਅਰਜਨ ਦੇਵ



Sri Satguru Jagjit Singh Ji eLibrary NamdhariElibrary@gmail.com

ਜੀ ਦੀ ਸ਼ਹਾਦਤ ਸੰਨ 1606 ਨੂੰ ਹੋਈ ਅਤੇ ਇਸ ਤਰ੍ਹਾਂ ਪ੍ਰਿਥੀ ਚੰਦ ਦੇ ਇਸ ਸਰੀਰ ਨੇ ਗੁਰੂ ਅਰਜਨ ਦੇਵ ਦੇ ਲਗਭਗ ਸਾਰੇ ਜੀਵਨ ਦੀ ਪੂਰੀ ਵਾਹ ਲਾ ਕੇ ਕਮੀਨੀ ਹੱਦ ਤਕ ਵੈਰ ਕਮਾਇਆ।ਇਹ ਗੁਰੂ ਪਾਤਸ਼ਾਹ ਦੇ ਹੋਰ ਵਿਰੋਧੀਆਂ ਦੇ ਨਾਲ ਮਿਲ ਕੇ ਗੁਰਗੱਦੀ ਦੇ ਵਿਰੁੱਧ ਸਾਂਝੇ ਮੁਹਾਜ਼ ਬਣਾਉਂਦਾ ਰਿਹਾ।ਆਪਣੇ ਵੱਲੋਂ ਇਸ ਸ਼ਖਸੀਅਤ ਨੇ ਗੁਰੂ ਘਰ ਦਾ ਵਿਰੋਧ ਕਰਨ ਵਿਚ ਕੋਈ ਘੱਟ ਨਾ ਗੁਜ਼ਾਰੀ।ਉਂਝ, ਸ਼ਹਾਦਤ ਦੇ ਮਾਅਮਲੇ ਵਿਚ ਉਸ ਦਾ ਕੋਈ ਹੱਥ ਨਹੀਂ।ਆਪਣੇ ਸੁਤੰਤਰ ਜਤਨਾਂ ਨਾਲ ਉਹ ਪੰਜਵੇਂ ਤੇ ਛੇਵੇਂ ਸਤਿਗੁਰੂ ਨੂੰ ਧੋਖੇ ਨਾਲ ਮਾਰ ਮੁਕਾਉਣ ਦੇ ਵੱਸ ਲਗਦੇ ਸਭ ਸਾਧਨ ਵਰਤਦਾ ਰਿਹਾ ਪਰ ਸਫ਼ਲ ਨਾ ਹੋ ਸਕਿਆ।

ਉਪਰੋਕਤ ਸਾਰੇ ਬਿਆਨ ਵਿਚ ਗੁਰੂ ਪਾਤਸ਼ਾਹ ਦੀ ਸ਼ਹੀਦੀ ਦੇ ਪ੍ਰਮੁੱਖ ਕਾਰਨ ਦੇ ਨਾਲ ਨਾਲ ਗੁਰੂ ਸਾਹਿਬ ਦੇ ਵਿਰੋਧੀਆਂ ਵੱਲੋਂ ਨਿਭਾਏ ਰੋਲ ਦੀ ਭੀ ਖੁੱਲ੍ਹੀ ਚਰਚਾ ਕਰ ਦਿਤੀ ਗਈ ਹੈ।

### ਸੰਖੇਪ ਜੀਵਨ

## ਸ੍ਰੀ ਗੁਰੂ ਅਰਜੁਨ ਦੇਵ ਜੀ

(1) 15 ਅਪ੍ਰੈਲ, 1563 ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ, ਮਾਤਾ ਭਾਨੀ ਜੀ ਦੀ ਕੁੱਖੋਂ, ਗੋਇੰਦਵਾਲ ਵਿਚ ਜਨਮ ਲਿਆ।ਇਥੇ 11 ਸਾਲ ਰਹੇ।

(2) 11 ਸਾਲ ਦੀ ਉਮਰ ਤੋਂ "ਚੱਕ ਗੁਰੂ" (ਅੰਮ੍ਰਿਤਸਰ) ਵਿਚ ਗੁਰੂ ਰਾਮ ਦਾਸ ਜੀ ਦੇ ਨਾਲ ਆ ਗਏ।

(3) 18 ਸਾਲ ਦੀ ਉਮਰ ਵਿਚ (ਅਗਸਤ 1581) ਨੂੰ ਗੁਰਗੱਦੀ ਮਿਲੀ।ਗੁਰਿਆਈ ਤੋਂ ਪਿਛੋਂ ਪਿਤਾ ਗੁਰੂ ਰਾਮਦਾਸ ਜੀ ਨਾਲ ਗੋਇੰਦਵਾਲ ਆ ਗਏ।ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ 12 ਸਤੰਬਰ, 1581 ਨੂੰ ਦਸਤਾਰ-ਬੰਦੀ ਦੀ ਰਸਮ ਹੋਈ।ਇਸ ਸਮੇਂ ਹੀ ਭੱਟ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਇਥੇ ਆਏ।ਉਨ੍ਹਾਂ ਦੀ ਗਿਣਤੀ 11 ਸੀ।

(4) ਸਤੰਬਰ 1581 ਵਿਚ ਵਾਪਸ "ਚੱਕ ਗੁਰੂ" (ਅੰਮ੍ਰਿਤਸਰ) ਆ ਗਏ।ਇਥੇ 8 ਸਾਲ ਰਹੇ।

(ੳ) ਪ੍ਰਿਥੀ ਚੰਦ ਨੇ ਗੁਰਗੱਦੀ ਨਾ ਮਿਲਣ ਦੇ ਦੁਖ ਵਿਚ ਗੁਰੂ ਜੀ ਵਿਰੁੱਧ ਕਈ ਸਾਜ਼ਸ਼ਾਂ ਰਚੀਆਂ, ਪਰ ਸਫਲਤਾ ਨਾ ਹੋਈ।

(ਅ) ਰਾਗੀ ਬਲਵੰਡ ਅਤੇ ਸੱਤੇ ਦਾ ਹੰਕਾਰ ਦੂਰ ਕੀਤਾ।ਦੋਹਾਂ ਰਾਗੀਆਂ ਨੇ ਗੁਰੂ ਨਾਨਕ ਪਾਤਸ਼ਾਹ ਦੀ ਸ਼ਾਨ ਵਿਚ ਕੁਬੋਲ ਬੋਲਣ ਦੀ ਮੁਆਫ਼ੀ ਮੰਗੀ।ਭਾਈ ਲੱਧਾ ਜੀ ਪਰ-ਉਪਕਾਰੀ ਨੇ ਇਨ੍ਹਾਂ ਦੀ ਭੁੱਲ ਬਖਸ਼ਵਾਈ



Sri Satguru Jagjit Singh Ji eLibrary NamdhariElibrary@gmail.com

ਸੀ।ਫਿਰ ਇਨ੍ਹਾਂ ਨੇ ਗੁਰੂ ਉਪਮਾ ਵਿਚ 8 ਪਉੜੀਆਂ ਦੀ 'ਵਾਰ' ਲਿਖੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

(ੲ) ਅਕਤੂਬਰ 1588 ਵਿਚ 'ਹਰਿਮੰਦਰ ਸਾਹਿਬ' ਦੀ ਨੀਂਹ (ਕਤਕ ਸੁਦੀ 5, ਸੰਮਤ 1645) ਰੱਖੀ।

(ਸ) ਵਿਆਹ ਸੰਮਤ 1636 ਵਿੱਚ, ਪਿੰਡ 'ਮਊ', ਤਹਿਸੀਲ ਫ਼ਿਲੌਰ ਦੇ ਵਸਨੀਕ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ (ਮਾਤਾ) ਗੰਗਾ ਦੇਵੀ ਜੀ ਨਾਲ਼ ਹੋਇਆ।

(5) ਮਾਝੇ ਦੇ ਪਿੰਡਾਂ ਦੀ ਸੰਭਾਲ···ਵੈਸਾਖ ਸੰਮਤ 1647 (ਸੰਨ 1590) ਤੋਂ ਦੱਖਣ ਪਾਸੇ···ਤਰਨ ਤਾਰਨ ਵਸਾਇਆ।ਖਡੂਰ, ਗੋਇੰਦਵਾਲ, ਸਰਹਾਲੀ, ਖਾਨਪੁਰ ਆਦਿਕ ਇਲਾਕਿਆਂ ਵਿੱਚ ਪਰਚਾਰ ਕਰਦੇ ਰਹੇ।

ਬਿਆਸਾ ਤੋਂ ਪਾਰ ਚੜ੍ਹਦੇ ਪਾਸੇ ਸੰਨ 1593 ਵਿੱਚ ਕਰਤਾਰਪੁਰ ਵਸਾਇਆ।ਦੁਆਬੇ ਵਿੱਚ ਅਨੇਕਾਂ ਸਰਵਰੀਏ ਸਿੱਖ ਬਣੇ।

ਲਹਿੰਦੇ ਪਾਸੇ···ਵਡਾਲੀ ਗਏ।ਇਥੇ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ।ਸਖ਼ਤ ਔੜ ਲੱਗੀ ਹੋਈ ਸੀ, ਅਨੇਕਾਂ ਪਿੰਡਾਂ ਵਿਚ ਖੂਹ ਲਗਵਾਏ। ਲਾਹੌਰ ਵਿਚ ਕਾਲ ਪੈ ਗਿਆ; ਜਿਸ ਕਾਰਨ ਸ਼ਹਿਰ ਨਿਵਾਸੀ ਭੁੱਖ ਅਤੇ ਬਹੁਤ ਸਾਰੀਆਂ ਬੀਮਾਰੀਆਂ ਦੇ ਸ਼ਿਕਾਰ ਹੋ ਗਏ।ਗੁਰੂ ਜੀ ਲਾਹੌਰ ਗਏ।ਕਾਲ ਪੀੜਤਾਂ ਦੀ ਸਹਾਇਤਾ ਕੀਤੀ।ਰਾਵੀ ਦੇ ਨਾਲ ਨਾਲ ਮਦਰ, ਜੰਬਰ, ਚੂਨੀਆਂ, ਬਹੜਵਾਲ ਆਦਿਕ ਪਿੰਡਾਂ ਕਸਬਿਆਂ ਵਿਚੋਂ ਦੀ ਗੋਇੰਦਵਾਲ ਪਹੁੰਚੇ।ਇਥੇ ਹੀ ਲਾਹੌਰੋਂ ਵਾਪਸ ਆਉਂਦਾ ਹੋਇਆ ਅਕਬਰ (1598 ਦੇ ਅਖੀਰ ਵਿੱਚ) ਮਿਲਿਆ।ਗੁਰਦੇਵ ਨੇ ਕਿਸਾਨਾਂ ਦਾ ਮਾਮਲਾ ਮਾਫ਼ ਕਰਾਇਆ।

ਪਹਾੜ ਪਾਸੇ···ਅੰਮ੍ਰਿਤਸਰ ਥੋੜ੍ਹਾ ਚਿਰ ਠਹਿਰ ਕੇ ਮਹਿੰਸਰਾ, ਡੇਰਾ ਬਾਬਾ ਨਾਨਕ, ਕਰਤਾਰਪੁਰ, ਕਲਾਨੌਰ, ਬਾਰਠ ਆਦਿਕਾਂ ਪਿੰਡਾਂ ਵਿੱਚ ਪਰਚਾਰ ਦੌਰਾ ਲਾ ਕੇ ਸੰਨ 1601 ਦੇ ਸ਼ੁਰੂ ਵਿੱਚ ਵਾਪਸ ਅੰਮ੍ਰਿਤਸਰ ਆ ਗਏ।ਇਥੇ ਹੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੀਤਲਾ ਨਿਕਲੀ।

(ਅ) ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ।ਭਾਦਰੋਂ ਸੁਦੀ 1, ਸੰਮਤ 1661 (ਸਤੰਬਰ 1604) ਨੂੰ ਹਰਿਮੰਦਰ ਸਾਹਿਬ ਵਿੱਚ ਪਹਿਲਾ ਪ੍ਰਕਾਸ਼ ਕੀਤਾ; ਬਾਬਾ ਬੁੱਢਾ ਜੀ ਨੂੰ ਗਰੰਥੀ ਥਾਪਿਆ।

(6) ਸ਼ਹੀਦੀ···ਇਸੇ ਪੁਸਤਕ ਵਿੱਚ ਵਿਸਥਾਰ ਸਹਿਤ ਬਿਆਨੇ ਕਾਰਨਾਂ ਕਰਕੇ, ਜਹਾਂਗੀਰ ਦੇ ਸਮੇਂ, ਅਨੇਕਾਂ ਤਸੀਹੇ ਦੇ ਕੇ 30 ਮਈ 1606 ਨੂੰ ਆਪ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ।



Sri Satguru Jagjit Singh Ji eLibrary NamdhariElibrary@gmail.com

## ਗੁਰੂ ਅਰਜੁਨ ਸਾਹਿਬ ਦੀ ਬਾਣੀ

ਗੁਰੂ ਰਾਮਦਾਸ ਜੀ ਵਾਂਗ ਗੁਰੂ ਅਰਜਨ ਸਾਹਿਬ ਨੇ ਭੀ ੩੦ ਰਾਗਾਂ ਵਿਚ ਬਾਣੀ ਲਿਖੀ, ਜਿਸ ਦਾ ਵੇਰਵਾ ਇਉਂ ਹੈ :···

ਸ਼ਬਦ ੧੩੪੫, ਅਸ਼ਟਪਦੀਆਂ···੬੨, ਛੰਤ···੬੩

ਗੁਰੂ ਗ੍ਰੰਥ ਸਾਹਿਬ ਦੀਆਂ ਕੁੱਲ ੨੨ 'ਵਾਰਾਂ' ਵਿਚੋਂ ਗੁਰੂ ਅਰਜਨ ਸਾਹਿਬ ਦੀਆਂ ੬ 'ਵਾਰਾਂ' ਹੇਠ ਲਿਖੇ ਰਾਗਾਂ ਵਿਚ ਦਰਜ ਹਨ :···

ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ।

ਇਹਨਾਂ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ ਹੇਠ ਲਿਖੀਆਂ ਉਚੇਚੀਆਂ ਬਾਣੀਆਂ ਵੀ ਲਿਖੀਆਂ :···

(੧) ਸਿਰੀ ਰਾਗ ਵਿਚ···ਪਹਰੇ ੧ ਸ਼ਬਦ (੨) ਮਾਝ ਵਿਚ···ਬਾਰਹ ਮਾਹਾ ੧੪ ਪਉੜੀਆਂ, ਦਿਨ ਰੈਣਿ (੩) ਗਉੜੀ ਵਿਚ···ਬਵਨ ਅਖਰੀ ੫੭ ਸਲੋਕ ਅਤੇ ੫੫ ਪਉੜੀਆਂ, ਸੁਖਮਨੀ ੨੪ ਸਲੋਕ ਅਤੇ ੨੪ ਅਸ਼ਟਪਦੀਆਂ, ਥਿਤੀਂ (੪) ਆਸਾ ਵਿਚ···ਬਿਰਹੜੇ ੩ ਸ਼ਬਦ (੫) ਸੂਹੀ ਵਿਚ···ਗੁਣਵੰਤੀ ੧ ਸ਼ਬਦ (੬) ਮਾਰੂ ਵਿਚ···ਅੰਜੁਲੀਆਂ, ਸੋਲਹੇ ੧੪ ਸ਼ਬਦ।

ਰਾਗਾਂ ਦੇ ਮੁੱਕਣ ਤੇ ਹੇਠ ਲਿਖੀਆਂ ਹੋਰ ਉਚੇਚੀਆਂ ਬਾਣੀਆਂ ਗੁਰੂ ਅਰਜਨ ਸਾਹਿਬ ਦੀਆਂ ਹਨ :···

(੧) ਸਲੋਕ ਸਹਸਕ੍ਰਿਤੀ ੬੭ (੨) ਗਾਥਾ ੨੪ (੩) ਫੁਨਹੇ ੨੩ (੪) ਚਉਬੋਲੇ ੧੧ (੫) ਸਵਯੇ ੯, ਸਵਯੇ ੧੧

ਇਹਨਾਂ ਤੋਂ ਇਲਾਵਾ ਸਲੋਕ ਭੀ ਹਨ, ਜੋ ਵਾਰਾਂ ਦੀਆਂ ਪਉੜੀਆਂ ਦੇ ਨਾਲ ਦਰਜ ਹਨ।ਉਹਨਾਂ ਸਾਰੇ ਸਲੋਕਾਂ ਦੀ ਗਿਣਤੀ ੨੫੫ ਹੈ।ਇਹਨਾਂ 'ਵਾਰਾਂ' ਤੋਂ ਵਧੇ ਹੋਇ ਸਲੋਕਾਂ ਦਾ ਸੰਗ੍ਰਹਿ ਗੁਰੂ ਗਰੰਥ ਸਾਹਿਬ ਦੇ ਅਖੀਰ ਤੇ ਦਰਜ ਹੈ, ਉਹਨਾਂ ਦੀ ਗਿਣਤੀ ੨੨ ਹੈ।ਸਾਰੇ ਰਲਾ ਕੇ ਗੁਰੂ ਅਰਜਨ ਸਾਹਿਬ ਦੇ ੨੭੭ ਸਲੋਕ ਹਨ।

ਇਹਨਾਂ ਦੀਆਂ ੬ 'ਵਾਰਾਂ' ਦੀਆਂ ਕੁਲ ੧੧੦ ਪਉੜੀਆਂ ਹਨ।

ਨੋਟ :··· ਗਉੜੀ ਕੀ ਵਾਰ ਮ: ੪ ਵਿਚ ੫ ਗੁਰੂ ਅਰਜਨ ਸਾਹਿਬ ਦੀਆਂ ਪਉੜੀਆਂ, ਸਾਰੰਗ ਕੀ ਵਾਰ ਮ: ੪ ਵਿਚ ੧ ਪਉੜੀ ਗੁਰੂ ਅਰਜਨ ਸਾਹਿਬ ਦੀ ਮਲਾਰ ਕੀ ਵਾਰ ਮ: ੧ ਵਿਚ ਪਉੜੀ ਗੁਰੂ ਅਰਜਨ ਸਾਹਿਬ ਦੀ, ਕੁਲ ਜੋੜ ਪਉੜੀਆਂ ਦਾ ੧੧੭ ।

ਨੋਟ :··· ਸਲੋਕ ਕਬੀਰ ਜੀ ਵਿਚ ੫ ਸਲੋਕ ਗੁਰੂ ਅਰਜਨ ਸਾਹਿਬ ਦੇ, ਸਲੋਕ ਫ਼ਰੀਦ ਜੀ ਵਿਚ ੮ ਸਲੋਕ ਗੁਰੂ ਅਰਜਨ ਸਾਹਿਬ ਦੇ, ਕੁਲ ਜੋੜ ਸਲੋਕਾਂ ਦਾ ੨੭੭+੫+੮=੨੯੦ ਸਲੋਕ।



Sri Satguru Jagjit Singh Ji eLibrary NamdhariElibrary@gmail.com